ੴ ਵਾਹਿਗੁਰੂ ਜੀ ਕੀ ਫਤਹਿ

ਮਾਸਿਕ ਪੱਤਰ

# ਸੂਰਾ


ਲੁਧਿਆਣਾ

ਜੂਨ 2000

**SURA** Monthly

LUDHIANA

JUNE 2000




ਗੁਰਦੁਆਰਾ ਸ੍ਰੀ ਭੰਗਾਣੀ ਸਾਹਿਬ, ਪਾਉਂਟਾ ਸਾਹਿਬ

ਇਸ ਅਸਥਾਨ ਤੇ ਸਮੂਹ ਅਖੰਡ ਕੀਰਤਨੀ ਜੱਥਿਆਂ ਵੱਲੋਂ 17 ਜੂਨ ਨੂੰ ਸਵੇਰੇ 8 ਵਜੇਂ ਤੋਂ 12 ਵਜੇ ਤੱਕ ਕੀਰਤਨ ਸਮਾਗਮ ਰਚਾਏ ਜਾ ਰਹੇ ਹਨ।

ਪਾਉਂਟਾ ਸਾਹਿਬ ਵਿਖੇ16 ਤੋਂ 18 ਜੂਨ ਤੱਕ ਹੋਣ ਵਾਲੇ ਬਾਕੀ ਸਮਾਗਮਾਂ ਦਾ ਵੇਰਵਾ ਅੰਦਰ ਪੜ੍ਹੋ ਜੀ।

www.AKJ.Org



## ਗੁ: ਸ੍ਰੀ ਦਸਤਾਰ ਅਸਥਾਨ ਸਾਹਿਬ, ਪਾਉਂਟਾ ਸਾਹਿਬ

ਥਾਨ ਤੇ ਦਸਮ ਪਾਤਸ਼ਾਹ ਸਿੱਖਾਂ ਦੇ ਸੋਹਣੀ ਦਸਤਾਰ ਸਜਾਉਣ ਦੇ ਮੁਕਾਬਲੇ ਕਰਵਾਇਆ ਕਰਦੇ

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥

# ਸੂਰਾ

ਮਾਸਿਕ ਪੱਤਰ

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਿਕ ਪੱਤਰ

*** Read SURA at Internet : www.surainternational.com ***

ਜਿਲਦ ੩੪ ਜੂਨ ੨੦੦੦ ਅੰਕ ੬

## ਗੁਰਪੁਰਬ ਤੇ ਇਤਿਹਾਸਕ ਦਿਹਾੜੇ

| | |
|---|---|
| ਸ਼ਹੀਦੀ ਦਿਵਸ ਗੁਰੂ ਅਰਜਨ ਦੇਵ ਜੀ | ੫ ਜੂਨ |
| ਜਨਮ ਸਾਹਿਬਜ਼ਾਦਾ ਫਤਹ ਸਿੰਘ ਜੀ | ੧੪ ਜੂਨ |
| ਪ੍ਰਕਾਸ਼ ਦਿਵਸ ਗੁਰੂ ਹਰਿਗੋਬਿੰਦ ਸਾਹਿਬ ਜੀ | ੧੭ ਜੂਨ |

## ਚੰਦਿਆਂ ਦਾ ਵੇਰਵਾ

| | | |
|---|---|---|
| ਦੇਸ਼ ਸਾਲਾਨਾ | | 40 ਰੁ: |
| ਅਮਾਨਤੀ ਲਾਈਫ਼ ਮੈਂਬਰ | | 400ਰੁ: |
| ਵਿਦੇਸ਼ | ਸਮੁੰਦਰੀ ਡਾਕ | ਹਵਾਈ ਡਾਕ |
| ਸਾਲਾਨਾ | 140ਰੁ: | 400ਰੁ: |
| ਅਮਾਨਤੀ ਲਾਈਫ਼ ਮੈਂਬਰ | 1400ਰੁ: | 4000ਰੁ: |

## ਚੰਦਾ ਭੇਜਣ ਦਾ ਪਤਾ

ਸੂਰਾ ਮਾਸਿਕ ਪੱਤਰ ਗੁ: ਸਿੰਘ ਸਭਾ
ਮਾਡਲ ਟਾਊਨ, ਲੁਧਿਆਣਾ-141002
Tel : 0161-428194
Fax : 0161-536340, 532147

ਸੂਰਾ ਪੱਤਰ ਵਿਚ ਛਪੇ ਵਿਚਾਰਾ ਨਾਲ ਸੂਰਾ ਪਰਿਵਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਕੰਪਿਊਟਰ ਟਾਈਪ ਸੈਟਿੰਗ : ਮਾਈਕਰੋਨਿਕਸ ਕੰਪਿਊਟਰਜ਼ (ਇੰਡੀਆ)
ਡੀ-੧੩, ਬਲਾਕ-16, ਪਾਹਵਾ ਰੋਡ, ਲੁਧਿਆਣਾ 141 003

## ਤਤਕਰਾ

○ ਸ਼ਾਂਤ ਬੀਰਤਾ ਦੇ ਸੱਚੇ ਅਵਤਾਰ ........ ੨
○ ਸਬਰ-ਸਿਦਕ ਸੰਤੋਖ ........ ੫
○ ਇਕ ਲਾਸਾਨੀ ਸ਼ਹਾਦਤ ........ ੮
○ ਸਿੱਖ ਕੈਲੰਡਰ ਵਿਵੇਕਸ਼ੀਲਤਾ ਦਾ ਕਦਮ ........ ੧੧
○ ਸ਼ਹਾਦਤ ਗੁਰੂ ਅਰਜਨ ਦੇਵ ਜੀ(ਕਵਿਤਾ) ........ ੧੪
○ ਗੁਰੂ ਨਾਨਕ ਮਾਰਗ ਦੀ ਖਾਸ ਵਿਸ਼ੇਸਤਾ ........ ੧੫
○ ਬੰਦਾ(ਕਵਿਤਾ) ........ ੧੯
○ ਦਰਦ ਭਰੀ ਅਪੀਲ ........ ੨੦
○ ਦੁਬਿਧਾ ਦੂਰ ਕਰਹੁ (ਦੂਜਾ ਭਾਗ) ........ ੨੩
○ ਬਿਪਰਣ ਦੀਆਂ ਰੀਤਾਂ (ਕਵਿਤਾ) ........ ੨੭
○ ਸਿੱਖਾਂ ਦੀ ਨਿਆਰੀ ਹੋਂਦ ਨੂੰ ਖਤਰਾ ........ ੨੮
○ ਗੁਰਮਤਿ ਦ੍ਰਿਸ਼ਟੀਕੋਣ ਸਬੰਧੀ ਵਿਚਾਰ ........ ੩੨
○ ਸਲੋਕ ਭਗਤ ਕਬੀਰ ਜੀ (Translation) ........ ੩੪
○ ਕਰਮ ਫਿਲਾਸਫੀ ........ ੩੫
○ ਸੇਵਾਦਾਰਾਂ ਦੀ ਸੂਚੀ ........ ੩੮
○ ਆਉਣ ਵਾਲੇ ਕੀਰਤਨ ਸਮਾਗਮ ........ ੩੯,੪੦

ਡਿਜ਼ਾਈਨ ਕਰਾਫਟ ਗਿੱਲ ਰੋਡ ਲੁਧਿਆਣਾ ਤੋਂ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ੧੨-ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋਂ ਪ੍ਰਕਾਸ਼ਤ ਕੀਤਾ।



www.AKJ.Org

# ਸ਼ਾਂਤ-ਬੀਰਤਾ ਦੇ ਸੱਚੇ ਅਵਤਾਰ

(ਗੁਰਪੁਰਵਾਸੀ ਭਾ: ਸਾ: ਭਾ: ਰਣਧੀਰ ਸਿੰਘ ਜੀ)

ਸ਼ਾਂਤੀ ਸ਼ਾਂਤੀ ਸਭ ਪੁਕਾਰਦੇ ਹਨ, ਪਰ ਇਨ੍ਹਾਂ ਸ਼ਾਂਤੀ ਪੁਕਾਰਨਹਾਰਿਆਂ ਨੂੰ ਸ਼ਾਂਤੀ ਦੀ ਸਾਰ ਨਹੀਂ। ਹਾਂ ਜੀ, ਸੱਚੀ ਸ਼ਾਂਤੀ ਦੀ ਸੱਚੀ ਸਾਰ ਨਹੀਂ। ਸ਼ਾਂਤੀ ਦੀਆਂ ਡੀਂਗਾਂ ਸਾਰੇ ਹੀ ਮਾਰਦੇ ਹਨ, ਪਰ ਇਨ੍ਹਾਂ ਡੀਂਗ-ਮਾਰੂਆਂ ਨੂੰ ਸ਼ਾਂਤੀ ਦੀ ਕਦਰ-ਪਰਖਾਰ ਨਹੀਂ। ਹੋਵੇ ਵੀ ਕਿੱਕੂ ? ਇਨ੍ਹਾਂ ਦੇ ਅੰਦਰ ਸ਼ਾਂਤੀ, ਸੱਚੀ ਸ਼ਾਂਤੀ ਵਾਪਰੀ ਹੀ ਨਹੀਂ।

ਤੱਤ-ਸ਼ਾਂਤੀ, ਦਿਬ-ਲਤੀਫ਼-ਕ੍ਰਾਂਤ ਆਤਮ-ਵਥੁ ਹੈ। ਮਾਨਸਕ ਸ਼ਾਂਤੀ ਬੁਧਾਂਸਕ ਸ਼ਾਂਤੀ ਤੋਂ ਨਿਆਰੀ, ਅਤਿ ਨਿਆਰੀ ਔਰ ਪ੍ਰਮਾਰਥੀ ਤੱਤ-ਵਿਲੱਖਣੀ ਸ਼ੈ ਹੈ, ਬਿਚੱਖਣੀ ਵਸਤੂ ਹੈ। ਜਿਨ੍ਹਾਂ ਨੇ ਆਪਾ ਪਰਬੋਧਿਆ ਨਹੀਂ, ਸੂਖਯਮ ਤੋਂ ਸੂਖਯਮ ਹਉਮੈ ਰੋਗ ਦੀ ਅੰਸ ਨੂੰ ਨਿਰੋਧਿਆ ਨਹੀਂ, ਤਿਨ੍ਹਾਂ ਨੂੰ ਸੱਚੀ ਸ਼ਾਂਤ ਤੱਤ ਵਥੁ ਦਾ ਇਕ ਰਿਜਮ ਰਾਈ ਮਾਤਰ ਵੀ ਅਹਿਸਾਸ ਨਹੀਂ ਹੁੰਦਾ, ਅਤੇ ਇਸ ਹਉਮੈ-ਅੰਸ ਦਾ ਨਿਰੋਧ ਉਦੋਂ ਤਾਈਂ ਨਹੀਂ ਹੁੰਦਾ, ਉੱਕਾ ਹੀ ਨਹੀਂ ਹੁੰਦਾ ਜਦੋਂ ਤਾਈ ਨਾਮ ਦੀ ਕਣੀ, ਸੱਚੇ ਨਾਮ-ਗੁਰਮਤਿ ਦੀ ਕਣੀ ਆਪੇ ਅੰਦਰ ਪਰਵੇਸ਼ ਨਹੀਂ ਹੁੰਦੀ ਅਤੇ ਇਸ ਬਿਧ ਆਪੇ ਦਾ ਅਭਾਵ ਨਹੀਂ ਹੁੰਦਾ, ਆਪੇ ਦੇ ਸਾਰੇ ਸਿਆਪੇ ਨਹੀਂ ਮੁਕ ਜਾਂਦੇ। ਆਪੇ ਨੂੰ ਚੀਨ ਕੇ ਅਨਾਤਮ ਆਪੇ ਨੂੰ ਪ੍ਰਮਾਤਮ-ਵਿਗਸਾਪੇ ਵਿਚ ਲੀਨ ਕੀਤੇ ਬਿਨਾਂ ਆਪਾ-ਭ੍ਰਮਾਪੇ ਦੀ ਕਾਈ, ਹਉਮੈ-ਅੰਸ ਕਾਈ ਨਹੀਂ ਮਿਟਦੀ, ਰਾਈ ਮਾਤਰ ਨਹੀਂ ਮਿਟਦੀ। ਅਤੇ ਇਸ ਮਿਟੀ ਬਿਨਾਂ ਸ਼ਾਂਤੀ, ਸੱਚੀ ਸ਼ਾਂਤੀ ਨਹੀਂ ਹੁੰਦੀ।

ਦੇਹ-ਅਧਿਆਸ, ਦੋਹੋਂ ਬਦੇਹ ਹੋਣਾ, ਸ਼ਾਂਤੀ ਮੁਜੱਸਮੀ ਰੂਹੜੀ ਦਾ ਇਕ ਕ੍ਰਿਣ ਕਿੰਚਤੀ ਚਮਤਕਾਰਾ ਹੈ, ਜਿਥੋਂ ਸ਼ਾਂਤ-ਕ੍ਰਾਂਤ-ਠਰੂਰਨੀ ਠਰਾਰਾ ਅਰੰਭ ਹੁੰਦਾ ਹੈ। ਨਾਮ ਦੀ ਅਮੋਘ ਠਾਰ ਨਾਲ ਠਰੀਆਂ ਹੋਈਆਂ ਰੂਹਾਂ, ਨਾਮ-ਅਮਿਉ-ਰਸ ਦੀ ਜੀਰਾਂਦ ਹੋਈਆਂ ਜਿੰਦੜੀਆਂ, ਜੋਤਿ-ਵਿਗਾਸੀ ਨਿਘਾਸ ਵਿਚ ਸਰਸ਼ਾਰ ਹੋ ਕੇ ਸੱਚੀ ਸ਼ਾਂਤੀ ਦਾ ਅਹਿਲਾਦ, ਵਿਸਮਾਦ-ਮਈ ਆਨੰਦ ਮਾਣ ਸਕਦੀਆਂ ਹਨ। ਇਸ ਰਸ-ਵਿਸਮਾਦੀ ਮੌਜ ਪਦ ਔਜ ਨੂੰ ਪ੍ਰਾਪਤ ਹੋ ਕੇ, ਤਨ-ਤਸੀਹੇ ਭਾਵੇਂ ਕਿਤਨੇ ਭੀ ਤੀਖਣ ਮਿਲਨਿ, ਸ਼ਾਂਤ-ਸੁਰਤਿਆਂ ਦੀ ਬਿਰਤੀ ਅਸ਼ਾਂਤ ਨਹੀਂ ਹੁੰਦੀ, ਸ਼ਾਂਤ ਹੀ ਸ਼ਾਂਤ ਵਰਤੀ ਰਹਿੰਦੀ ਹੈ। ਜਗਤ-ਪ੍ਰਸਿਧ ਨਖਿਧ ਸ਼ਾਂਤੀ ਕਿਸੇ ਲੇਖੇ ਨਹੀਂ। ਇਹ ਅਸ਼ਾਂਤੀ ਹੈ, ਸ਼ਾਂਤੀ ਨਹੀਂ।

ਮਨ, ਬਚਨ, ਕਰਮ ਕਰਕੇ ਅੰਦਰੇ ਅਸਥਿਰਤ, ਅੰਤਰ ਆਤਮੇ ਸੰਚਿਰਤ ਹੋਈ ਵੀ ਸ਼ਾਂਤੀ ਹੀ ਅਸਲ ਸ਼ਾਂਤੀ ਹੈ।

''ਡਿਗੈ ਨ ਡੋਲੈ ਦ੍ਰਿੜੁ ਕਰਿ ਰਹਿਓ, ਪੂਰਨ ਹੋਇ ਤ੍ਰਿਪਤਾਨੀ''(ਪੰਨਾ ੬੭੧-੭੨) ਆਤਮ-ਅਵਸਥਾ ਵਾਲੀ ਸ਼ਾਂਤੀ ਤੱਤ-ਸ਼ਾਂਤੀ ਹੈ। '' ਓਇ ਜੁ ਬੀਚਿ ਹਮ ਤੁਮ ਕਛੁ ਹੋਤੇ ਤਿਨ ਕੀ ਬਾਤ ਬਿਲਾਨੀ'' ਗੁਰਵਾਕ ਦੇ ਭਾਵ ਵਾਲਾ ਅਭਾਵ, ਸੱਚ-ਆਪਾ-ਅਭਾਵ ਹੈ। ''ਬੇਪਰਵਾਹ ਸਦਾ ਰੰਗਿ ਹਰਿ ਕੈ ਜਾ ਕੋ ਪਾਖੁ ਸੁਆਮੀ'' (ਪੰਨਾ ੭੧੧) ਦੇ ਗੁਰਵਾਕੀ ਔਜ ਦੀ ਮੌਜ ਵਾਲਾ ਜੀਊੜਾ ਹੀ ਸੱਚੇ ਰਸ ਦੀ ਜੀਰਾਂਦ ਨੂੰ ਜਰ ਸਕਦਾ ਹੈ ਅਤੇ ਇਸ ਆਤਮ-ਜੀਰਾਂਦ ਨੂੰ ਜਰਨ ਵਾਲਾ ਸ਼ਾਂਤ-ਬੀਰ ਜੋਧਾ ਹੀ ਸੱਚਾ ਸੂਰਮਾ ਅਖਵਾ ਸਕਦਾ ਹੈ।

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥
ਆਤਮ ਜਿਣੈ ਸਗਲ ਵਸਿ ਤਾ ਕੈ ਜਾ ਕਾ ਸਤਿਗੁਰੁ ਪੂਰਾ॥੧॥

(ਧਨਾਸਰੀ ਮਹਲਾ ੫, ਪੰਨਾ ੬੮੦)

ਇਹ ਸੂਰਮੇ, ਸੱਚੇ ਸੂਰਮੇ ਦੀ ਤਾਰੀਫ਼ ਹੈ, ਪਰੰਤੂ ਗੁਰਵਾਕ ਦੀ ਪਿਛਲੀ ਤੁਕ ਦੇ ਭਾਵ ਅਨੁਸਾਰ ਆਤਮ-ਜਿੱਤ ਸੱਚਾ ਸੂਰਮਾ ਸੋਈ ਹੋ ਸਕਦਾ ਹੈ, ਜੋ ਸਤਿਗੁਰੂ ਪੂਰੇ ਦਾ ਸਿਖ ਹੈ, ਜੋ ਸਗੁਰਾ ਸੱਚੇ ਗੁਰੂ ਵਾਲਾ ਗੁਰਮੁਖ ਹੈ, ਜਿਸ ਦਾ ਗੁਰੂ ਸਤਿਗੁਰੂ ਪੂਰਾ ਸ੍ਰੀ ਗੁਰੂ ਨਾਨਕ ਸੂਰਾ ਹੈ। ਜਿਸ ਦਾ ਗੁਰੂ ਸੱਚਾ ਸਤਿਗੁਰੂ ਨਹੀਂ, ਤਿਸ ਨਿਗੁਰੇ ਨਿਗੋਸਾਏ ਪ੍ਰਾਣੀ ਨੂੰ ਇਹ ਪਦ ਪ੍ਰਾਪਤ ਨਹੀਂ ਹੋ ਸਕਦਾ। ਸਿਖਾਂ ਗੁਰਸਿਖਾਂ ਉਤੇ ਹੀ ਇਹ ਬਰਕਤ ਹੁੰਦੀ ਹੈ। ਅਸਿਖ ਅਨਾੜੀਆਂ ਮਨੁਮਖਾ ਨੂੰ, ਆਤਮ-ਰੰਗੋਂ ਸਖਣੇ ਅਤੇ ਮਨਮੁਖਾਂ ਨੂੰ ਸ੍ਰੀ ਸਤਿਗੁਰੂ ਦੀ ਇਸ ਪਦ ਦੀ ਪ੍ਰਾਪਤੀ ਨਹੀਂ ਹੁੰਦੀ।



www.AKJ.Org

ਸ਼ਾਂਤ-ਬੀਰਤਾਂ ਮੈਦਾਨ ਵਿਚ ਜੂਝਣ ਦਾ ਫਿਰ ਦਾਊ-ਨੈਸ਼ਾਨੀ ਝੰਡਾ ਲਹਿਰਾਉਣ ਹਿਤ, ਗੁਰੂ ਨਾਨਕ ਪੰਚਮ ਜੋਤਿ-ਜਾਮੇ ਤੀਨ ਕਾਲ ਅਰਜਨ ਸਾਹਿਬ ਜੀ ਨੇ ਪਹਿਲ ਕੀਤੀ ਅਤੇ ਆਉਣ ਵਾਲੀ ਪੰਥ-ਪਨੀਰੀ ਲਈ ਸ਼ਾਂਤ-ਰਸ ਬੀਰ ਜੀਰਾਂਦ ਦੇ ਸੱਚੇ ਪੂਰਨੇ ਪਾਏ। ਜੇਠ ਹਾੜ ਦੀ ਗਾਖੜੀ ਗ੍ਰੀਖਮ ਰੁਤੈਨੀ ਘਾਮ-ਗਰਮੀ ਪੈਂਦੀ ਹੈ, ਤਤੀਆਂ ਲੋਆਂ ਚਲਦੀਆ ਹਨ, ਕੜਕਦੀ ਧੁੱਪ ਵਿਚ ਜ਼ਾਲਮਾਂ ਦੀ ਭਖਾਈ ਹੋਈ ਅਗਨ-ਭੱਠੀ ਭੜਹੜ ਬਲਦੀ ਹੈ, ਅੰਗਾਰੇ ਵਾਂਗੂੰ ਤਪਦੀ ਲੋਹ ਉਤੇ ਚੌਂਕੜਾ ਮਾਰੀ ਅਚੱਲ ਸਮਾਧੀ ਵਿਚ ਦੀਨ ਦੁਨੀਆਂ ਦੇ ਵਾਲੀ, ਭਾਣਿਆਂ ਦੇ ਮਾਲਕ, ਉਸਨ ਸੀਤ ਨੂੰ ਸਮਸਰ ਕਰ ਜਾਨਣਹਾਰੇ ਸ੍ਰੀ ਸਤਿਗੁਰ ਪੰਚਮ ਪਾਤਸ਼ਾਹ ਜੀ ਬੈਠੇ ਹਨ, ਉਤੋਂ ਅੱਗ ਵਾਂਗੂੰ ਭਖਦੀਆਂ ਰੇਤਾਂ ਦੇ ਕੜਛੇ ਸੋਹਲ, ਕੋਮਲ ਤੇ ਨਗਨ ਸਰੀਰ ਉਤੇ ਭਰ ਭਰ ਕੇ ਧੜਾ ਧੜ ਪੈ ਰਹੇ ਹਨ, ਪਰ ਸ਼ਾਂਤ-ਬੀਰਤਾ ਦੇ ਮੁਜੱਸਮ ਦਾ ਆਸਣ ਅਚੱਲ ਹੈ। ਧੌਲ-ਧਰਮ ਦਾ ਸਿੰਘਾਸਨ ਡੋਲ ਗਿਆ, ਪਰ ਸਤਿਗੁਰਾਂ ਦਾ ਅਹਿਲ ਆਸਣ ਨਹੀਂ ਡੋਲਿਆ। ਏਥੇ ਹੀ ਬਸ ਨਹੀਂ, ਖੌਲਦੇ ਜਲ ਦਾ ਭਰਿਆ ਕੜਾਹ ਸਟੀਮ-ਭਾਫ਼ਾਂ ਛਡ ਰਿਹਾ ਹੈ, ਹੇਠਾਂ ਭੜਾ ਭੜ ਅਗਨੀ ਦੇ ਭਾਂਬੜ ਮਚ ਰਹੇ ਹਨ, ਇਸ ਮਚਦੇ ਉਬਲਦੇ ਨੱਕਾ-ਨੱਕ ਭਰੇ ਭਾਫ-ਸਟੀਮ-ਇੰਜਨੀ ਕੜਾਹੇ ਵਿਚ ਚੌਂਕੜੇ ਲਗੇ ਲਗਾਇਆਂ ਚਕ ਕੇ ਸਤਿਗੁਰਾਂ ਨੂੰ ਗਲ ਤਾਈਂ ਤ੍ਰਿਬੁਡ ਕੀਤਾ ਜਾਂਦਾ ਹੈ। ਮਿੰਟ ਨਹੀਂ, ਸਕਿੰਟ ਨਹੀ? ਘੜੀਆਂ ਘੰਟਿਆਂ ਬਧੀ ਇਸ ਉਬਲਦੀ ਦੇਗ ਵਿਚ ਉਬਾਲਿਆ ਜਾਂਦਾ ਹੈ। ਕੀ ਮਜਾਲ, ਮੁਖੋਂ ਉਫ਼ ਤਕ ਵੀ ਨਿਕਲੀ ਹੋਵੇ, ਰਸਨਾ ਤੋਂ 'ਸੀ' ਤਕ ਵੀ ਉਚਰਣਤ ਹੋਈ ਹੋਵੇ। ਕਸੀਸ ਨਹੀਂ ਵਟੀ, ਅੱਖ ਨਹੀਂ ਪਟੀ ਕੋਈ ਅੰਗ ਨਹੀਂ ਹਿਲਿਆ, ਰੋਮ ਨਹੀਂ ਫੜਕਿਆ, ਚੇਹਰੇ ਤੇ ਅਗੇ ਨਾਲੋਂ ਵੀ ਦੂਣ-ਸਵਾਇਆ ਜਲਾਲ ਹੈ। ਜੋਤਿ-ਜਮਾਲ ਦੀ ਉਹ ਅਵਧੀ ਹੈ ਕਿ ਦੇਖਣਹਾਰੇ ਝਾਲ ਨਹੀਂ ਝਲ ਸਕਦੇ। ਪਾਸ ਖੜੋਤੇ ਮੀਆਂ ਮੀਰ ਫ਼ਕੀਰ ਤ੍ਰਪ ਤ੍ਰਪ ਆਂਸੂ ਬਹਾ ਰਹੇ ਹਨ। ਜ਼ੁਲਮ ਦੀ ਅਤਿ ਵੇਖ ਕੇ ਗ਼ੈਜ਼ੋ-ਗ਼ਜ਼ਬ ਨਾਲ ਕੰਬ ਰਹੇ ਹਨ। ਇਸ ਦਰਦਨਾਕ ਨਜ਼ਾਰੇ ਨੂੰ ਦ੍ਰਵੀਭੂਤ ਹੋ ਕੇ ਦੇਖ ਰਹੇ ਹਨ ਅਤੇ ਅਤਿ ਅਧੀਨਗੀ ਸਹਿਤ ਬੇਨਤੀਆਂ ਕਰਿ ਕਰਿ ਗਗਨ-ਮੰਡਲਾਂ ਵਿਚ ਖੇਡ ਰਹੀਆਂ, ਦਸਮ ਦੁਆਰੇ ਪੁਜ ਰਹੀਆਂ ਸੁਰਤੀਸ਼ਰੀ ਤ੍ਰਾਣਾਂ ਤਰਬਾਂ ਨੂੰ ਹਿਲਾ ਹਿਲਾ ਕੇ ਜਗਾ ਰਹੇ ਹਨ-

"ਹੇ ਭਾਣੇ ਦੇ ਮਾਲਕਾ ! ਜ਼ੁਲਮ ਦੀ ਜਿਥੇ ਕੋਈ ਹੱਦ ਨਹੀਂ,ਉਥੇ ਭਾਣਾ ਮੰਨਣ ਦੀ ਤਾਂ ਕੋਈ ਹੱਦ ਹੋਣੀ ਚਾਹੀਦੀ ਹੈ। ਹੇ ਦੋ ਜਹਾਨ ਦੇ ਵਾਲੀਆ ! ਸਰਬ-ਕਲਾਂ ਸਮਰੱਥ ਸੱਚੇ ਪਾਤਸ਼ਾਹ ! ਤੇਰੇ ਹੱਥ ਵਿਚ ਸਭ ਕੁਛ ਹੈ। ਹੇ ਕਾਦਰਾ ! ਕੁਲ ਕਾਇਨਾਤ ਕੁਦਰਤ ਤੇਰੇ ਇਲਾਹੀ ਹੁਕਮ ਦੀ ਗੁਲਾਮ ਹੈ। ਹਰ-ਦੋ ਆਲਮ ਤੇਰੇ ਹੁਕਮਾਂ ਦੇ ਬੰਦੇ ਹਨ। ਹੇ ਸਰਬੱਗ ਪੁਰਖ ! ਤੇਰੀ ਗਹਿਣਗਤਿ ਤਾਂ ਅਪਰ ਅਪਾਰ ਹੈ; ਤੂੰ ਕਾਦਰੇ ਮੁਤਲਕ ਹੈਂ ਕਿ ਜ਼ਮੀਨ ਅਸਮਾਨ ਦੇ ਕਲਾਬੇ ਮਿਲਾ ਕੇ ਕਿਆਮਤ ਬਰਪਾ ਕਰ ਦੇਵੇਂ। ਮੈਂ ਆਪ ਦੇ ਦਰ ਦਾ ਇਕ ਟੁਕੜ-ਗਦਾਈ ਕੂਕਰ ਹਾਂ। ਮੈਨੂੰ ਹੁਕਮ ਕਰੋ, ਇਸ ਜ਼ਾਲਮ ਰਾਜ ਦਾ ਤਖ਼ਤਾ ਯਕ-ਦਮ ਉਲੱਟਾ ਦੇਵਾਂ, ਦਿਲੀ ਅਤੇ ਲਾਹੌਰ ਦੀਆਂ ਜ਼ੁਲਮੀ ਰਾਜਧਾਨੀਆਂ ਨੂੰ ਦੋਹੀਂ ਹਥੀਂ ਫੜ ਕੇ ਭਿੜਾ ਦੇਵਾਂ ਅਤੇ ਛਿਨ ਵਿਚ ਪਾਸ਼ ਪਾਸ਼ ਕਰ ਦੇਵਾਂ।"

ਸ੍ਰੀ ਗੁਰੂ ਸਾਹਿਬ ਜੀ ਸੁਰਤਿ-ਮਗਨਾਈਆਂ ਸਮਾਧੀਆਂ ਤੋਂ ਸਾਵਧਾਨ ਹੋ ਕੇ ਪ੍ਰੇਮ-ਕਸਾਈਆਂ ਇਲਾਹੀ ਇਸ਼ਕ-ਹੁਲਸਾਈਆਂ ਅੱਖੀਆਂ ਨੂੰ ਖੋਲ੍ਹ ਕੇ ਹੱਸ-ਵਿਗਸਣੇ ਮਿਠੜੇ ਸ਼ਾਂਤ ਬੋਲ ਬੋਲ ਕੇ ਮੀਆਂ ਮੀਰ ਜੀ ਨੂੰ ਸੰਬੋਧਨ ਸਹਿਤ ਪਰਬੋਧਦੇ ਹਨ-ਪਿਆਰਿਆ ਅਲਮਸਤ ਫਕੀਰਾ ! ਖ਼ੁਦਾ-ਪ੍ਰਸਤੀ ਦੇ ਇਸ਼ਕ ਦਿਆ ਅਸੀਰਾ ! ਰੱਬੀ ਰਹਿਮਤ ਦਿਆ ਹੱਕ-ਸ਼ਿਨਾਸ ਮੀਰਾਂ ਮੀਰਾਂ ! ਤੈਨੂੰ ਆਪਣੀ ਨਿਜ ਪਾਕ-ਬਾਜ਼ੀ ਉਤੇ ਬੜਾ ਨਾਜ਼ ਹੈ, ਆਪਣੀ ਰੂਹਾਨੀ ਤਾਕਤ-ਤ੍ਰਾਣ ਉਤੇ ਬੜਾ ਮਾਣ ਹੈ, ਪਰ ਹੁੰਦੇ ਤਾਣ ਨਿਤਾਣਾ ਹੋਣਾ ਅਤੇ ਹੁੰਦੇ ਮਾਣ ਨਿਮਾਣਾ ਹੋਣਾ ਭੀ ਆਪ ਜਿਹੇ ਰੱਬੀ ਬੰਦਿਆਂ ਦਾ ਕੰਮ ਹੈ। ਮਹਾਂ ਪੁਰਖਾ ! ਅਜਰ ਨੂੰ ਜਰਨਾ ਹੀ ਤੈਨੂੰ ਸੋਭਦਾ ਹੈ! ਵਸਤੂ ਵੱਡੀ ਹੈ, ਭਾਂਡਾ ਛੋਟਾ ਹੈ, ਸੰਭਾਲ ਕੇ ਰਖ। ਸਾਨੂੰ ਧੁਰ-ਏਜ਼ਦੀ ਹੁਕਮ ਹੀ ਐਸਾ ਹੈ ਕਿ ਸਰੀਰ ਰੂਪੀ ਭਾਂਡੇ ਨੂੰ ਮਿਠੇ ਭਾਣਿਆਂ ਅੰਦਰ ਹੀ ਭੰਨ-ਤੋੜ ਦੇਣਾ ਹੈ, ਠੀਕਰਾ ਫੋੜ ਦੇਣਾ ਹੈ । ਭਾਣਾ ਅਮਿਟ ਹੈ । ਹੁਕਮਾਂ ਦੀ ਕਾਰ ਹੈ । ਤੁਸੀਂ ਆਪੇ ਤੋਂ ਬਾਹਰ ਨਹੀਂ ਹੋਣਾ । ਦੇਖੋ ਕਰਤਾਰ ਦੇ ਰੰਗ । ਸ਼ਕਤੀ

(ਬਾਕੀ ਪੰਨਾ ੧੦ ਤੇ ...)



www.AKJ.Org

# ਸਬਰ-ਸਿਦਕ-ਸੰਤੋਖ

(ਪ੍ਰਿੰ: ਸੱਜਣ ਸਿੰਘ ਜੀ)

ਉੱਚੇ ਪਰਬਤ ਬਰਫ ਦਾ ਘਰ ਹਨ ਤੇ ਇਨ੍ਹਾਂ ਤੋਂ ਨਿਕਲਦੀਆਂ ਨਦੀਆਂ ਨਿਰਮਲ ਤੇ ਸੀਤਲ ਜਲ ਲਿਆਉਂਦੀਆਂ ਹਨ। ਇਨ੍ਹਾਂ ਨਦੀਆਂ ਨੂੰ ਹਰੇਕ ਜਾਣਦਾ ਹੈ ਤੇ ਇਹ ਵੀ ਪਤਾ ਹੈ ਕਿ ਜਿਹੜਾ ਜਲ ਉੱਚਿਆਂ ਪਹਾੜਾਂ ਤੋਂ ਨਹੀਂ ਆਉਂਦਾ, ਉਹ ਏਨਾ ਠੰਢਾ ਨਹੀਂ ਹੁੰਦਾ ਪਰ ਇਸ ਤੱਤ ਤੋਂ ਅਸੀਂ ਸਾਰੇ ਅਗਿਆਨੀ ਹਾਂ ਕਿ ਸਾਡੇ ਸਰੀਰ ਵਿਚ ਭੀ ਨਦੀਆਂ ਹਨ ਜਿਨ੍ਹਾਂ ਦਾ ਸੋਮਾ ਆਮ ਤੌਰ ਤੇ ਤ੍ਰਿਸ਼ਨਾ, ਈਰਖਾ, ਲਾਲਚ ਹੋਣ ਕਰਕੇ ਇਨਾਂ ਵਿੱਚ ਸੀਤਲ ਜਲ ਨਹੀਂ ਵਹਿੰਦਾ, ਕੇਵਲ ਅੱਗ, ਸਾੜਾ ਤੇ ਕੁੜੱਤਣ ਹੀ ਵਹਿੰਦੀ ਹੈ। ਗੁਰਦੇਵ ਜੀ ਨੇ ਚਾਰ ਪ੍ਰਕਾਰ ਦੀਆਂ ਨਦੀਆਂ ਬਾਰੇ ਫੁਰਮਾਨ ਕੀਤਾ ਹੈ।

ਚਾਰਿ ਨਦੀਆ ਅਗਨੀ ਤਨਿ ਚਾਰੇ॥ ਤ੍ਰਿਸਨਾ ਜਲਤ ਜਲੇ ਅਹੰਕਾਰੇ॥

ਗੁਰਿ ਰਾਖੇ ਵਡਭਾਗੀ ਤਾਰੇ॥ ਜਨ ਨਾਨਕ ਉਰਿ ਹਰਿ ਅੰਮ੍ਰਿਤੁ ਧਾਰੇ॥ (ਬਸੰਤ ਮਹਲਾ ੩-੧੧੭੨)

ਇਹ ਗੁੱਝੇ ਭਾਹਿ ਦੀਆਂ ਅਗਨੀਆਂ ਹਨ, ਅਦ੍ਰਿਸ਼ਟ ਤੇ ਸੂਖਸਮ ਹਨ। ਗੁਰਮੁਖ ਜਨਾਂ ਦੀ ਰੱਖਿਆ ਆਪ ਸਤਿਗੁਰੂ ਕਰਦਾ ਹੈ ਪਰ ਮਨਮੁਖ ਇਨ੍ਹਾਂ ਤੋਂ ਬਚ ਨਹੀਂ ਸਕਦੇ ਕਿਉਂਕਿ ਉਹ ਜੀਵਨ ਭਰ ਸੜਦੇ ਬਲਦੇ ਲੋਭੀ, ਕਪਟੀ ਹਿਰਦੇ ਨਾਲ, ਅੱਖਾਂ ਦੇ ਭਖਦੇ ਅੰਗਿਆਰਾਂ ਨਾਲ, ਰਸਨਾ ਦੀ ਫਿੱਕੀ ਬੋਲੀ ਤੇ ਕੁੜੱਤਣ ਨਾਲ ਸਰੀਰ ਰੂਪ ਖੇਤ ਵਿੱਚ ਅੱਗ ਹੀ ਅੱਗ ਬੀਜਦੇ ਹਨ। ਇਹ ਚਾਰ ਪ੍ਰਕਾਰ ਦੀ ਨਦੀਆਂ, ਹਿੰਸਾ, ਹੇਤ, ਲਾਲਚ ਤੇ ਕ੍ਰੋਧ ਹਨ। ਸਤਿਗੁਰੂ ਦਾ ਫੁਰਮਾਨ ਹੈ-

ਹੰਸੁ ਹੇਤੁ ਲੋਭੁ ਕੋਪੁ ਚਾਰੇ ਨਦੀਆ ਅਗਿ ॥

ਪਵਹਿ ਦਝਹਿ ਨਾਨਕਾ ਤਰੀਐ ਕਰਮੀ ਲਗਿ ॥ (ਮ: ੧ ਵਾਰ ਮਾਝ ਕੀ- ਪੰਨਾ ੧੪੭)

ਜਦ ਤਕ ਲੋਭ ਕਈ ਰੰਗ ਨ ਦਿਖਾਵੇ, ਇਸ ਦਾ ਬਾਹਰੀ ਰੂਪ ਜ਼ਿਆਦਾ ਭਿਆਨਕ ਪ੍ਰਤੀਤ ਨਹੀਂ ਹੁੰਦਾ। ਇਸ ਦੀ ਅਗਨੀ ਦਾ ਗੁੱਝਾ ਸੇਕ ਜਦ ਪ੍ਰਗਟ ਹੁੰਦਾ ਹੈ ਤਾਂ ਇਸ ਦੀ ਸਾੜਨ ਦੀ ਸ਼ਕਤੀ ਦਾ ਪੂਰਾ ਪਤਾ ਲੱਗਦਾ ਹੈ। ਜਿਸ ਪਰਿਵਾਰ ਵਿੱਚ ਲੋਭ ਦਾ ਨਿਵਾਸ ਹੋ ਜਾਵੇ, ਉੱਥੇ ਪਿਆਰ, ਸਤਿਕਾਰ, ਅਪਣੱਤ, ਸੀਤਲਤਾ ਆਦਿ ਦਾ ਵਿਨਾਸ਼ ਹੋਣਾ ਸ਼ੁਰੂ ਹੁੰਦਾ ਹੈ। ਉਂਜ ਜੀਵਨ ਦੇ ਹਰੇਕ ਖੇਤਰ ਵਿਚ ਇਸ ਅਗਨੀ ਤੋਂ ਸਾਵਧਾਨ ਰਹਿਣ ਦੀ ਲੋੜ ਹੈ ਕਿਉਂਕਿ ਸਭ ਤੋਂ ਪਹਿਲਾ ਇਸ ਦਾ ਤੀਬਰ ਸੇਕ ਅਕਲਿ ਜਾਂ ਬੁੱਧੀ ਨੂੰ ਵਿਆਪਦਾ ਹੈ ਜਿਸ ਕਾਰਨ ਸੋਚ ਸ਼ਕਤੀ ਮਾਨਸਕ ਬਿਵਸਥਾ, ਵਿਵੇਕ, ਨਿਰਣਾ ਆਦਿਕ ਵਿਸ਼ਵਾਸ਼ਠ ਭਰੋਸਾ ਤੇ ਨਿਰਭਰਤਾ ਦੇ ਯੋਗ ਨਹੀਂ ਰਹਿੰਦੇ। "ਲੋਭੀ ਦਾ ਵੇਸਾਹੁ ਨ ਕੀਜੈ" ਦਾ ਗੁਰਫੁਰਮਾਨ ਲੋਭੀ ਤੇ ਵਿਸ਼ਵਾਸ਼ ਨਾ ਕਰਨ ਦਾ ਹੀ ਉਪਦੇਸ਼ ਹੈ।

ਸੱਚੇ ਪਾਤਸ਼ਾਹ ਜੀ ਨੇ ਲੋਭ ਨੂੰ ਕੁੱਤਾ ਆਖਿਆ ਹੈ, ਉਹ ਵੀ ਹਲਕਿਆ ਕੁੱਤਾ। ਜਿਵੇਂ ਹਲਕੇ ਹੋਏ ਕੁੱਤੇ ਨੂੰ ਆਪਣੇ ਬੇਗਾਨੇ ਦੀ ਤਮੀਜ਼ ਨਹੀਂ ਰਹਿੰਦੀ, ਕੀ ਕਰਨਾ, ਕੀ ਨਹੀਂ ਕਰਨਾ ਦੀ ਸੋਝੀ ਨਹੀਂ, ਤਿਵੇਂ ਹੀ ਲੋਭੀ ਪੁਰਸ਼ ਦੇ ਖੂਨ ਵਿੱਚ ਲੋਭ ਦਾ ਏਨਾ ਮਾਰੂ ਜ਼ਹਿਰ ਗਰਦਸ਼ ਕਰਦਾ ਹੈ ਕਿ ਮਾਇਆ, ਜਾਇਦਾਦ ਤੇ ਹਕੂਮਤ ਦੀ ਖਾਤਰ ਉਹ ਸਕੇ ਭਰਾਵਾਂ ਜਾਂ ਪਿਉ ਨੂੰ ਕਤਲ ਕਰਨ ਜਾਂ ਕਰਾਉਣ ਤੋਂ ਸੰਕੋਚ ਨਹੀਂ ਕਰਦਾ । ਇਹ ਹਲਕਾਈ ਬਿਰਤੀ ਚਾਹੇ ਕਿਸੇ ਭੀ ਸਤਰ ਤੇ ਹੋਵੇ, ਇਨਸਾਨ ਤੇ ਹਾਵੀ ਰਹਿੰਦੀ ਹੈ ਜਦ ਤਕ ਸਤਿਗੁਰੂ ਦੇ ਗਿਆਨ ਦੀ ਖੜਗ ਨਾਲ ਇਸ ਦਾ ਸਿਰ ਨ ਕੱਟਿਆ ਜਾਵੇ। ਸੱਚੇ ਪਾਤਸ਼ਾਹ ਦਾ ਹੁਕਮ ਹੈ।

ਲੋਭ ਲਹਰਿ ਸਭੁ ਸੁਆਨੁ ਹਲਕੁ ਹੈ ਹਲਕਿਓ ਸਭਹਿ ਬਿਗਾਰੇ॥

ਮੇਰੇ ਠਾਕੁਰ ਕੈ ਦੀਬਾਨਿ ਖਬਰਿ ਹੁਈ ਗੁਰਿ ਗਿਆਨੁ ਖੜਗੁ ਲੈ ਮਾਰੇ॥੧॥

ਰਾਖੁ ਰਾਖੁ ਰਾਖੁ ਪ੍ਰਭ ਮੇਰੇ ਮੈ ਰਾਖਹੁ ਕਿਰਪਾ ਧਾਰੇ॥

ਨਾਨਕ ਮੈ ਧਰ ਅਵਰ ਨ ਕਾਈ ਮੈ ਸਤਿਗੁਰੁ ਗੁਰੁ ਨਿਸਤਾਰੇ॥੮॥੬॥

(ਛਕਾ ੧॥ ਨਟ ਮਹਲਾ ੪-ਪੰਨਾ ੯੮੩)



www.AKJ.Org

ਸੰਸਾਰ ਦੇ ਜਿੰਨੇ ਵੀ ਜੀਵ ਜੰਤੂ, ਪਸ਼ੂ, ਪੰਛੀ ਆਦਿ ਹਨ, ਉਹ ਜੀਉਣ ਲਈ ਖਾਂਦੇ ਹਨ ਤੇ ਤ੍ਰਿਪਤ ਹੋਣ ਬਾਅਦ ਖਾਣਾ ਤਿਆਗ ਦਿੰਦੇ ਹਨ। ਉਨ੍ਹਾਂ ਦੀ ਆਦਤ, ਉਨ੍ਹਾਂ ਦਾ ਪ੍ਰਤੀ ਕਰਮ ਪਰਮਾਤਮਾ ਦੇ ਪਰਦਾਨ ਕੀਤੇ ਹੋਏ ਸੁਭਾਅ ਅਨੁਸਾਰ ਹੁੰਦਾ ਹੈ। ਕਈ ਵਾਰ ਦੇਖਣ ਵਿਚ ਆਇਆ ਹੈ ਕਿ ਰੋਗੀ ਪਸ਼ੂ ਉਹ ਪਦਾਰਥ ਨਹੀਂ ਖਾਂਦਾ, ਜਿਹੜਾ ਉਸ ਨੂੰ ਹਾਨੀਕਾਰਕ ਹੋਵੇ। ਉਹ ਸਰੀਰ ਦੀ ਲੋੜ ਨੂੰ ਮੁੱਖ ਰੱਖਦਿਆਂ ਜਾਣਦਾ ਹੈ ਕਿ ਮੈ ਇਹ ਪਦਾਰਥ ਖਾਣਾ ਹੈ ਜਾਂ ਨਹੀਂ। ਇਸ ਦੇ ਵਿਪਰੀਤ ਸਾਰੇ ਜੀਵ ਜੰਤੂਆਂ ਦਾ ਸਰਦਾਰ, ਅਗਿਆਨਤਾ ਵਿੱਚ ਜਾਂ ਜਾਣਦਾ ਹੋਇਆ, ਕੇਵਲ ਜੀਭ ਦੇ ਸੁਆਦ ਅੱਗੇ ਵਿਕ ਕੇ, ਪ੍ਰਭੂ ਦੇ ਨਿਯਮਾਂ ਤੇ ਬੰਦਸ਼ਾਂ ਤੋਂ ਆਕੀ ਹੋ ਕੇ ਮਨ ਆਈ ਕਰਦਾ ਆਇਆ ਹੈ। ਉਪਦੇਸ਼ ਦਾ ਅਸਰ ਉਸ ਪ੍ਰਾਣੀ ਤੇ ਹੁੰਦਾ ਹੈ ਜਿਹੜਾ ਜਾਣਦਾ ਨ ਹੋਵੇ, ਪਰ ਜਾਨਣ ਦੀ ਇੱਛਿਆ ਰੱਖਦਾ ਹੋਵੇ ਤੇ ਗਿਆਨ ਨੂੰ ਕਰਮ ਵਿਚ ਬਦਲਣ ਦੀ ਸਮਰੱਥਾ ਰੱਖਦਾ ਹੋਵੇ। ਸਾਧਾਰਨ ਜੀਵ ਮਾਨਸਕ ਤੌਰ ਤੇ ਏਨਾ ਨਿਰਬਲ, ਨਿਕਾਰਾ, ਢਿੱਲੜ ਤੇ ਆਰਾਮ ਪ੍ਰਸਤ ਹੈ ਕਿ ਸਭ ਕਿਛ ਜਾਣਦਾ ਹੋਇਆ ਵੀ ਮਨ ਦੇ ਪਿੱਛੇ ਲੱਗਣ ਵਾਲਾ, ਲਾਈ ਲੱਗ ਕਬੂਤਰ ਵਾਂਗਰ ਅੱਖਾਂ ਮੂੰਦ ਕੇ ਬੇਫਿਕਰ ਬੈਠਾ ਹੈ। ਭਗਤ ਕਬੀਰ ਜੀ ਦੇ ਬਚਨ ਹਨ :

**ਕਬੀਰ ਮਨੁ ਜਾਨੈ ਸਭ • ਬਾਤ ਜਾਨਤ ਹੀ ਅਉਗੁਨੁ ਕਰੈ॥**
**ਕਾਹੇ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ॥੨੧੬॥** (ਸਲੋਕ ਭਗਤ ਕਬੀਰ ਜੀ -੧੩੭੬)

ਉਸ ਬੰਦੇ ਦੀ ਕਾਹਦੀ ਖੈਰ, ਜਿਸ ਨੇ ਅੰਧੇਰੇ ਵਿਚ ਹੱਥ ਵਿਚ ਦੀਵਾ ਫੜਿਆ ਹੋਇਆ ਹੈ ਫਿਰ ਵੀ ਖੂਹ ਵਿਚ ਡਿੱਗ ਪਵੇ।

ਬੰਦੇ ਦੀ ਬੁੱਧੀ ਤੇ ਮਾਇਆ, ਹੰਕਾਰ ਤੇ ਲਾਲਚ ਦੀ ਏਨੀ ਮੈਲ ਚੜੀ ਹੋਈ ਹੈ ਕਿ ਉਹ ਰੱਜ ਕੇ ਵੀ ਭੁੱਖਾ ਰਹਿੰਦਾ ਹੈ। ਸਰੀਰ ਦੇ ਸਾਰੇ ਅੰਗਾਂ ਦੀ ਆਪਣੀ ਆਪਣੀ ਭੁੱਖ ਹੈ, ਉਸ ਦੀ ਪੂਰਤੀ ਲਈ ਸੌ ਉਪਰਾਲੇ ਕਰੋ ਪਰ ਸਭ ਵਿਅਰਥ। ਭਾਈ ਗੁਰਦਾਸ ਜੀ ਫੁਰਮਾਉਂਦੇ ਹਨ:

**ਅਖੀ ਵੇਖਿ ਨ ਰਜੀਆ ਬਹੁ ਰੰਗ ਤਮਾਸੇ। ਉਸਤਤਿ ਨਿੰਦਾ ਕੀਨਿ ਸੁਣਿ ਰੋਵਣ ਤੇ ਹਾਸੇ।**
**ਸਾਦੀ ਜੀਭ ਨ ਰਜੀਆ ਕਰਿ ਭੋਗ ਬਿਲਾਸੇ। ਨਕ ਨ ਰਜਾ ਵਾਸੁ ਲੈ ਦੁਰਗੰਧ ਸੁਬਾਸੇ।**
**ਰਜਿ ਨ ਕੋਈ ਜੀਵਿਆ ਕੂੜੇ ਭਰਵਾਸੇ। ਪੀਰ ਮੁਰੀਦਾ ਪਿਰਹੜੀ ਸਚੀ ਰਹਰਾਸੇ॥੯॥**
(ਵਾਰ ੨੭))

ਇਹ ਹਨ, ਅੱਖਾਂ, ਕੰਨ, ਜੀਭ ਤੁਚਾ ਤੇ ਨੱਕ ਦੀਆਂ ਅਪੂਰਕ ਭੁੱਖਾਂ ।

ਇਸ ਵਿਚ ਸ਼ੱਕ ਨਹੀਂ ਕਿ ਪੰਜਾਂ ਹੀ ਗਿਆਨ ਇੰਦ੍ਰੀਆਂ ਦੀਆਂ ਭੁੱਖਾਂ ਵਾਸਤਵ ਵਿੱਚ ਮਨ ਦੀ ਆਪਣੀ ਬੇਈਮਾਨੀ ਗਿਰਾਵਟ, ਕਮਜ਼ੋਰੀ ਜਾਂ ਬੇਬਸੀ, ਲਾਚਾਰਗੀ ਵਿਚ ਦਿੱਤੀ ਸਹਿਮਤੀ ਕਰਕੇ ਹਨ। ਇਸ ਦੇ ਇਲਾਵਾ ਮਨ ਦੀ ਆਪਣੀ ਨਿੱਜੀ ਭੁੱਖ ਮਾਇਆ ਦੀ, ਮਾਇਕ ਪਦਾਰਥਾਂ ਦੀ ਹੈ ਜਿਹੜੀ ਘੱਟਦੀ ਦੀ, ਹੱਟਦੀ ਨਹੀਂ ਸਗੋਂ ਵੱਧਦੀ ਜਾਂਦੀ ਹੈ। ਪੰਚਮ ਪਾਤਸ਼ਾਹ ਦਾ ਫੁਰਮਾਨ ਹੈ।

**ਪਰ ਦਰਬ ਹਿਰਣੰ ਬਹੁ ਵਿਘਨ ਕਰਣੁ ਉਚਰਣੰ ਸਰਬ ਜੀਅ ਕਹ॥**
**ਲਉ ਲਈ ਤ੍ਰਿਸ਼ਨਾ ਅਤਿ ਪਤਿ ਮਨ ਮਾਏ ਕਰਮ ਕਰਤਸਿ ਸੂਕਰਹ॥੬੬॥**
(ਸਲੋਕ ਸਹਸਕ੍ਰਿਤੀ ਮਹਲਾ ੫-੧੩੬੦)

ਇਸ ਗੁਰਵਾਕ ਦੁਆਰਾ ਪੰਚਮ ਪਾਤਸ਼ਾਹ ਉਹਨਾਂ ਉਪਦੇਸ਼ਕਾਂ ਦੀਆਂ ਕਰਤੂਤਾਂ ਦਾ ਵਰਨਣ ਕਰਦੇ ਹਨ ਜਿਹੜੇ ਆਪਣੀ ਉਪਜੀਵਕਾ ਲਈ ਹੋਰਨਾਂ ਨੂੰ ਉਪਦੇਸ਼ ਦਿੰਦੇ ਹਨ ਪਰ ਆਪ, "ਇਹ ਲਵਾਂ ਉਹਲਵਾਂ" ਵਿੱਚ ਸੁਰਤੀ ਰੱਖਦੇ ਪਰ ਤ੍ਰਿਸ਼ਨਾ ਕਾਰਨ ਮਨ ਮਾਇਆ ਵਿੱਚ ਰੱਖਦੇ ਤੇ ਸਦਾ ਅਤ੍ਰਿਪਤ ਰਹਿੰਦੇ ਹਨ। ਇਹ ਸਾਰੇ ਸੂਰਾਂ ਵਾਲੇ ਕਰਮ ਹਨ।

ਸੱਚੇ ਪਾਤਸ਼ਾਹ ਨੇ ਲੋਭੀ ਮਨ ਦੀ ਅਤ੍ਰਿਪਤੀ ਦੀ ਤੁਲਨਾ ਅਗਨੀ ਦੀ ਅਤ੍ਰਿਪਤੀ ਨਾਲ ਕਰਕੇ ਸਾਨੂੰ ਮੂਰਖਾਂ ਨੂੰ ਸਮਝਾਇਆ ਹੈ। ਬਾਲਣ ਨਾਲ ਅਗਨੀ ਨੂੰ ਤ੍ਰਿਪਤ ਕਰਨ ਵਾਲਾ ਬੰਦਾ ਕਦੇ ਸਫਲ ਨਹੀਂ ਹੁੰਦਾ।


www.AKJ.Org

ਏਸੇ ਤਰ੍ਹਾਂ ਮਾਇਕ ਪਦਾਰਥਾਂ ਨੂੰ ਭੋਗਣ ਨਾਲ ਅੱਜ ਤੱਕ ਕੋਈ ਨਹੀਂ ਰੱਜਿਆ ਤੇ ਨਾ ਹੀ ਲੋਭ ਤੇ ਤ੍ਰਿਸ਼ਨਾ ਦੀ ਭੁੱਖ ਮਿਟੀ ਹੈ। ਤਾਂ ਤੇ ਤ੍ਰਿਸ਼ਨਾ ਦੀ ਨਵਿਰਤੀ ਭੋਗਾਂ ਨਾਲ ਨਹੀ, ਭੁੱਖ ਨੂੰ ਜੜ੍ਹ ਤੋਂ ਮਿਟਾਉਣ ਨਾਲ ਹੁੰਦੀ ਹੈ। ਐਸੀ ਸਮਰਥਾ, ਇਕ ਪਾਸੇ ਤ੍ਰਿਸ਼ਨਾ ਨੂੰ ਦੂਰ ਕਰਨ ਦੇ ਉਪਰਾਲੇ ਨਾਲ ਤੇ ਦੂਜੇ ਪਾਸੇ ਸੰਤੋਖ ਜੈਸੇ ਦੈਵੀ ਗੁਣ ਨੂੰ ਧਾਰਨ ਕਰਨੰ ਨਾਲ ਪ੍ਰਾਪਤ ਹੁੰਦੀ ਹੈ ਜਿਵੇਂ ਤਲਵਾਰ ਤੇ ਢਾਲ, ਦੋਨੋਂ ਮਿਲ ਕੇ ਪੂਰਨ ਹੱਥਿਆਰ ਬਣਾਉਂਦੇ ਹਨ ਤਿਵੇਂ ਅਉਗੁਣਾਂ ਦਾ ਤਿਆਗ ਤੇ ਗੁਣਾਂ ਦਾ ਧਾਰਣਾ ਮੁਕੰਮਲ ਜੁਗਤੀ ਹੈ। ਨਿਰਸੰਦੇਹ ਮਨ ਨੂੰ ਅਡੋਲਤਾ, ਤ੍ਰਿਪਤੀ ਤੇ ਸੀਤਲਤਾ ਪਰਦਾਨ ਕਰਨ ਵਾਲੀ ਅਚੂਕ ਔਸ਼ਧੀ ਸੰਤੋਖ ਜਾਂ ਸਬਰ ਹੈ। ਗੁਰਦੇਵ ਜੀ ਦਾ ਫੁਰਮਾਨ ਹੈ:

ਸਹਸ ਖਟੇ ਲਖ ਕਉ ਉਠਿ ਧਾਵੈ॥ ਤ੍ਰਿਪਤਿ ਨ ਆਵੈ ਮਾਇਆ ਪਾਛੈ ਪਾਵੈ॥
ਅਨਿਕ ਭੋਗ ਬਿਖਿਆ ਕੇ ਕਰੈ॥ ਨਹ ਤ੍ਰਿਪਤਾਵੈ ਖਪਿ ਖਪਿ ਮਰੈ॥
ਬਿਨਾ ਸੰਤੋਖ ਨਹੀ ਕੋਊ ਰਾਜੈ॥ ਸੁਪਨ ਮਨੋਰਥ ਬ੍ਰਿਥੇ ਸਭ ਕਾਜੈ॥

(ਸੁਖਮਨੀ ਸਾਹਿਬ ਪੰਨਾ ੨੭੮ ੭੯)

ਸੰਤੋਖ ਤੋਂ ਹੀ ਧਨਵਾਨ ਤੇ ਨਿਰਧਨ ਦੋਨਾਂ ਨੂੰ ਆਤਮਕ ਤ੍ਰਿਪਤੀ ਜਾਂ ਸਕੂਨ ਪ੍ਰਾਪਤ ਹੁੰਦਾ ਹੈ। ਸਬਰ ਤੇ ਸੰਤੋਖ, ਨਿਰਧਨ ਲਈ ਧਰਵਾਸ ਦਾ ਸਾਧਨ ਹੈ, ਭਾਣਾ ਮੰਨਣ ਤੇ ਸ਼ੁਕਰਾਨਾ ਕਰਨ ਦੀ ਰੁੱਚੀ ਨੂੰ ਪ੍ਰੇਰਤ ਕਰਦਾ ਹੈ। ਦੂਜੇ ਪਾਸੇ ਉੱਦਮੀ ਗੁਰਮੁਖ ਨੂੰ ਮਾਇਆ ਵਿੱਚ ਖੱਚਤ ਹੋਣ ਤੋਂ ਬਚਾਉਂਦਾ ਹੈ ਤੇ ਮੁਰਗਾਈ ਵਾਂਗਰ ਸੰਸਾਰ ਵਿਚ ਨਿਰਲੇਪ ਰਹਿਣ ਦੀ ਜੁਗਤੀ ਬਖਸ਼ਦਾ ਹੈ। ਸਬਰ ਬਿਨਾਂ ਧਨੀ ਪੁਰਸ਼ ਦੇ ਮਨ ਨੂੰ ਸੁੱਖ, ਸ਼ਾਂਤੀ ਨਸੀਬ ਨਹੀਂ ਹੁੰਦੀ ਜਦ ਕਿ ਰੁੱਖੀ ਸੁੱਖੀ ਰੋਟੀ ਖਾਣ ਵਾਲਾ ਸੰਤੋਖੀ ਮਨੁੱਖ, ਛਤੀਹ ਪ੍ਰਕਾਰ ਦੇ ਭੋਜਨ ਛਕਣ ਦੀ ਚਾਹਤ ਤੋਂ, ਨਿਰਲੇਪ ਰਹਿੰਦਾ ਹੈ। ਬਾਬਾ ਫਰੀਦ ਦਾ ਸਬਰ ਕਮਾਲ ਦਾ ਸੀ। ਲੱਕੜ ਵਾਂਗਰ ਸੁੱਕੀ ਰੋਟੀ ਉਨ੍ਹਾਂ ਦੀ ਖੁਰਾਕ ਸੀ ਤੇ ਭੁੱਖ ਸਲੂਣੇ ਸਮ ਸੀ। ਸਵਾਲ ਕੇਵਲ ਰੁੱਖੀ ਸੁੱਖੀ ਖਾਣ ਦਾ ਨਹੀਂ, ਹੁਣ ਵੀ ਕ੍ਰੋੜਾਂ ਜੀਵਾਂ ਨੂੰ ਬਹੁਤ ਮੁਸ਼ਕਲ ਨਾਲ ਸੁੱਕੀ ਰੋਟੀ ਨਸੀਬ ਹੁੰਦੀ ਹੈ, ਮਹੱਤਵ ਪੂਰਨ ਭਾਵਨਾ ਤਾਂ ਦੂਸਰੇ ਨੂੰ ਛਤੀਹ ਪ੍ਰਕਾਰ ਦੇ ਭੋਜਨ ਛਕਦਿਆਂ ਤੱਕ ਕੇ ਮਨ ਨੂੰ ਲਲਚਾਉਣ ਤੋਂ ਬਚਾਉਣ ਵਿੱਚ ਹੈ।

ਰੁਖੀ ਸੁਖੀ ਖਾਇ ਕੈ ਠੰਢਾ ਪਾਣੀ ਪੀਉ॥
ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ॥੨੯ (ਸਲੋਕ ਫਰੀਦ ਜੀ-੧੩੭੯)

ਆਪ ਨੇ ਆਪਣੀਆਂ ਸਰੀਰਕ ਲੋੜਾਂ ਤੇ ਖਾਹਸ਼ਾਂ ਨੂੰ ਏਨਾ ਘਟਾ ਲਿਆ ਸੀ, ਕਿ ਉਹ ਨਾਮ ਮਾਤਰ ਹੀ ਸਨ। ਕਾਠ ਦੀ ਰੋਟੀ, ਰੁੱਖੀ ਸੁੱਖੀ ਰੋਟੀ ਜਾਂ ਕੰਦ ਮੂਲ ਦਾ ਵਰਨਣ ਵਾਸਤਵ ਵਿਚ ਉਨ੍ਹਾਂ ਦੇ ਸਬਰ-ਸੰਤੋਖ ਨੂੰ ਦ੍ਰਿਸ਼ਟਾਉਂਦਾ ਹੈ ਆਪ ਜੀ ਦੀ ਦ੍ਰਿਸ਼ਟੀ ਵਿੱਚ ਸਬਰ ਦਾ ਗੁਣ ਐਸਾ ਤੀਰ ਹੈ ਜਿਸ ਦੇ ਚਲਾਉਣ ਨਾਲ ਨਿਰਾਸਤਾ ਨਹੀਂ ਹੁੰਦੀ, ਇਸ ਨਾਲ ਤਨ ਦੀ ਮਮਤਾ ਸੜਦੀ ਹੈ, ਜੀਵ ਛੋਟਾ ਨਾਲਾ ਨਹੀ ਰਹਿੰਦਾ, ਦਰਿਆ ਬਣ ਕੇ ਸਾਗਰ ਵਿੱਚ ਸਮਾਉਣ ਦੀ ਯੋਗਤਾ ਪ੍ਰਾਪਤ ਕਰਦਾ ਹੈ। ਸਬਰ ਵਿਚ ਰਹਿਣਾ ਜ਼ਿੰਦਗੀ ਦਾ ਉੱਤਮ ਮਨੋਰਥ ਹੈ।

ਸਬਰ ਏਹੁ ਸੁਆਉ ਜੇ ਤੂੰ ਬੰਦਾ ਦ੍ਰਿੜ ਕਰਹਿ॥
ਵਧਿ ਥੀਵਹਿ ਦਰੀਆਉ ਟੁਟਿ ਨ ਥੀਵਹਿ ਵਾਹੜਾ॥੧੧੭॥(ਸਲੋਕ ਸੇਖ ਫਰੀਦ ਕੇ ॥੧੩੮੪)

ਪੂਰਨ ਸੰਤੋਖੀ ਪੁਰਖ ਦੇ ਹਿਰਦੇ ਵਿੱਚ ਸਬਰ ਦੇ ਨਾਲ ਸਿਦਕ ਤੇ ਵਿਸ਼ਵਾਸ ਭੀ ਸਮਾਇਆ ਹੁੰਦਾ ਹੈ ਜਦ ਵਿਸ਼ਵਾਸ ਨੂੰ ਪ੍ਰੀਖਿਆ ਵਿੱਚੋ ਲੰਘਣਾ ਪਵੇ ਤਾਂ ਅਸੀਂ ਉਸ ਨੂੰ ਸਿਦਕ ਕਹਿ ਦਿੰਦੇ ਹਾਂ। ਦੁੱਖ ਸੁੱਖ ਕਸ਼ਟ-ਮੁਸੀਬਤ ਤੇ ਭੁੱਖ-ਰੋਗ ਨੂੰ ਪ੍ਰਭੂ ਦੀ ਬਖਸ਼ਸ਼ ਸਮਝਣਾ, ਪ੍ਰਭੂ ਸਨੇਹ ਦਾ ਹੀ ਰੂਪਾਂਤਰ ਹੈ।

ਕੇਤਿਆ ਦੂਖ ਭੂਖ ਸਦ ਮਾਰ॥ ਏਹਿ ਭਿ ਦਾਤਿ ਤੇਰੀ ਦਾਤਾਰ॥ (ਪੰਨਾ ੫)

ਸਿਦਕੀ ਬੰਦਾ ਕਦੇ ਡੋਲ ਨਹੀਂ ਸਕਦਾ ਕਿਉਂਕਿ ਸਿਦਕ ਦਾ ਜਨਮ ਹੀ ਬਿਖਮ ਭਾਣੇ ਦੀ ਕੁਠਾਲੀ ਵਿੱਚ ਹੁੰਦਾ ਹੈ। ਕੱਚੇ ਝੜਿ ਝੜਿ ਗਿਰਦੇ ਹਨ ਪਰ ਪੱਕੇ, ਨਿਰਮਲ, ਸ਼ੁੱਧ ਉਸੇ ਰੂਪ ਵਿਚ ਕਾਇਮ ਰਹਿੰਦੇ


www.AKJ.Org

ਹਨ। ਸਾਬਰ ਗੁਰਸਿੱਖ ਇਸ ਗੁਰ -ਪੰਕਤੀ ਨੂੰ ਹਿਰਦੇ ਵਿਚ ਸਮ੍ਹਾਲਦਾ ਹੈ।

ਜੇਤਾ ਦੇਹਿ ਤੇਤਾ ਹਉ ਖਾਉ।। ਬਿਆ ਦਰੁ ਨਾਹੀ ਕੈ ਦਰਿ ਜਾਉ।।

(ਸ੍ਰੀ ਰਾਗ ਮਹਲਾ ੧-ਪੰਨਾ ੨੫)

ਸਿਦਕ ਰੱਖਣ ਵਾਲਿਆ ਨੂੰ ਫਾਰਸੀ ਵਿਚ ਸਾਦਿਕ ਆਖਿਆ ਹੈ। ਇਨ੍ਹਾਂ ਦੀ ਮਹਿਮਾ ਸਾਰੇ ਧਰਮਾਂ ਦੁਆਰਾ ਹੋਈ ਹੈ। ਪੂਰੇ ਪ੍ਰਭੂ ਦਾ ਦੀਦਾਰ ਖਾਇਕ ਅਰਥਾਤ, ਅਧਿਕ ਬੋਲਣ ਵਾਲੇ ਗਾਲੜੀ ਜਾਂ ਗਪੌੜੀ ਨੂੰ ਨਹੀਂ ਸਾਬਰ, ਸਾਦਿਕ ਪੁਰਸ਼ ਨੂੰ ਪ੍ਰਾਪਤ ਹੁੰਦਾ ਹੈ।

ਮ: ੧।। ਸਿਦਕੁ ਸਬੂਰੀ ਸਾਦਿਕਾ ਸਬਰੁ ਤੋਸਾ ਮਲਾਇਕਾਂ।।
ਦੀਦਾਰੁ ਪੂਰੇ ਪਾਇਸਾ ਥਾਉ ਨਾਹੀ ਖਾਇਕਾ।।

(ਸਿਰੀ ਰਾਗ ਕੀ ਵਾਰ ਮਹਲਾ ੪- ਪੰਨਾ ੮੩)

ਅਨਿਕ ਦੈਵੀ ਗੁਣਾਂ ਵਿਚੋਂ ਸਬਰ-ਸਿਦਕ-ਸੰਤੋਖ ਦੀ ਆਪਣੀ ਵੱਖਰੀ ਹੀ ਵਿਸ਼ੇਸਤਾ ਹੈ। ਸਰੀਰ ਦੇ ਇੰਦਰੇ ਜਿਹੜੇ ਮਾਇਆ ਦੇ ਪ੍ਰਭਾਵ ਅਧੀਨ, ਨਿਰਬਲ, ਮਲੀਨ ਤੇ ਆਪ ਹੁਦਰੇ ਬਣ ਗਏ ਸਨ, ਸੱਚੇ ਦਰ ਤੇ ਆਤਮ ਸਮਰਪਣ ਦੇ ਫਲਸਰੂਪ ਨਿਰਮਲ ਤੇ ਅਤ੍ਰਿਪਤ ਹੋ ਗਏ ਹਨ। ਜਿਹੜੇ ਇਕ ਖਿਨ ਵੀ ਟਿਕ ਕੇ ਨਹੀਂ ਬਹਿੰਦੇ ਸਨ, ਹੁਣ ਪੂਰਨ ਟਿਕਾਉ ਵਿੱਚ ਆ ਗਏ ਹਨ। ਕੰਨਾਂ ਦੀ ਨਿੰਦਾ-ਉਸਤਤਿ ਗਾਣ-ਬਜਾਉਣ ਸੁਨਣ ਦੀ ਚਾਹ ਖਤਮ ਹੋ ਗਈ, ਨੇਤਰਾਂ ਨੂੰ ਕਣ ਕਣ ਵਿੱਚ ਰੱਬੀ ਜੋਤਿ ਦੀ ਝਲਕ ਦਿੰਦੀ ਹੈ ਰਸਨਾ ਵਿੱਚ ਰੂਹਾਨੀ ਤ੍ਰਿਪਤੀ ਦਾ ਨਿਵਾਸ ਹੋ ਗਿਆ ਹੈ। ਪਰ ਇਹ ਬਹੁਤ ਉੱਚੀ ਅਵਸਥਾ ਹੈ ਜਿਸ ਦੀ ਪ੍ਰਾਪਤੀ ਗੁਰੂ ਦੇ ਬਣੇ ਬਿਨਾਂ, ਤੇ ਉਸ ਦੀ ਨਦਰਿ ਰਹਿਮਤ ਬਿਨਾਂ ਨਹੀਂ ਹੁੰਦੀ। ਇਸ ਸੰਸਾਰ ਵਿੱਚ ਰੁਕਾਵਟਾਂ, ਭੁਲੇਖੇ ਆਦਿ ਬਹੁਤ ਹਨ, ਜਿਹੜੇ ਸਹੀ ਮਾਰਗ ਤੇ ਚੱਲਣ ਨਹੀਂ ਦਿੰਦੇ। ਹਜ਼ੂਰ ਫੁਰਮਾਉਂਦੇ ਹਨ ਰਾਜ-ਮਦ, ਜੋਬਨ-ਮਦ, ਮਾਇਆ-ਮਦ ਵਿੱਚ ਮੱਤਾ ਜੀਵ ਕਦੇ ਭੀ ਰੱਜਦਾ ਨਹੀਂ, ਸਗੋਂ ਹੋਰ ਹੋਰ ਪ੍ਰਾਪਤ ਕਰਨ ਲਈ ਦਹਦਿਸਿ ਧਾਂਵਦਾ ਹੈ ਜਦ ਕਿ ਪੂਰਨ ਸ਼ਾਂਤੀ ਦਾ ਸਾਧਨ ਸਚੇ ਦੇ ਗੁਣ ਗਾਉਣਾ ਹੈ।

ਨਹ ਤ੍ਰਿਪਤਾਨੋ ਰਾਜ ਜੋਬਨਿ ਧਨਿ ਬਹੁਰਿ ਬਹੁਰਿ ਫਿਰਿ ਧਾਇਆ।।
ਸੁਖੁ ਪਾਇਆ ਤ੍ਰਿਸਨਾ ਸਭ ਬੁਝੀ ਹੈ ਸਾਂਤਿ ਪਾਈ ਗੁਨ ਗਾਇਆ।।੧।।

(ਕਾਨੜਾ ਮਹਲਾ ੫- ਪੰਨਾ ੧੩੦੦)

ਮਨੋ ਵਿਗਿਆਨਕ ਦ੍ਰਿਸਟੀ ਨਾਲ ਜੇ ਵਾਚੀਏ ਤਾਂ ਪ੍ਰਤੱਖ ਨਤੀਜਾ ਨਿਕਲੇਗਾ ਕਿ ਜਿਸ ਦੈਵੀ ਗੁਣਾਂ ਵਾਲੇ ਅਕਾਲ ਪੁਰਖ ਦੇ ਗੁਣ ਗਾਇਨ ਕਰਾਂਗੇ, ਸੁਣਾਂਗੇ, ਹਿਰਦੇ ਵਿਚ ਵਸਾਵਾਂਗੇ, ਉਸ ਦੇ ਗੁਣ ਸਹਿਜ ਸੁਭਾਇ ਹਿਰਦੇ ਵਿੱਚ ਨਿਵਾਸ ਕਰਨਗੇ। ਇਸੇ ਕਰਕੇ ਸਤਿਗੁਰੂ ਨੇਂ ਸਾਨੂੰ ਬਾਰ ਬਾਰ ਗੁਣ ਗਾਉਣ ਦਾ ਉਪਦੇਸ਼ ਦਿੱਤਾ ਹੈ।

ਜਿਸ ਗੁਰਮੁਖ ਜਨ ਤੇ ਨਾਮ-ਰਸ ਦੀ ਕਲਾ ਵਰਤਦੀ ਹੈ, ਉਹ ਆਨ ਰਸਾਂ-ਕਸਾਂ ਵਲ ਨਹੀਂ ਝਾਕਦਾ। ਉਸ ਦੀ ਬਿਰਤੀ ਏਨੀ ਸੰਤੋਖ ਮਈ ਬਣ ਜਾਂਦੀ ਹੈ ਕਿ ਹੋਰ ਸੁਆਦਾਂ ਦੀ ਭੁੱਖ ਹੀ ਮਿਟ ਜਾਂਦੀ ਹੈ। ਨਾਮ ਸਿਮਰਨ ਦੀ ਖੁਰਾਕ ਦੁਨਿਆਵੀ ਭੁੱਖ ਲੱਗਣ ਨਹੀਂ ਦਿੰਦੀ। ਉਸ ਨੂੰ ਨਾਮ-ਰਸ ਦੀ ਐਸੀ ਖੁਮਾਰੀ ਚੜ੍ਹਦੀ ਹੈ, ਜਿਸ ਵਿੱਚ ਫਿਰ ਤੋਟ ਨਹੀਂ ਆਉਂਦੀ, ਐਸਾ ਨਸ਼ਾ ਚੜ੍ਹਦਾ ਹੈ ਜਿਹੜਾ ਉਤਰਦਾ ਹੀ ਨਹੀਂ।

ਪੀਵਨਾ ਜਿਤੁ ਮਨੁ ਆਘਾਵੈ ਨਾਮੁ ਅੰਮ੍ਰਿਤ ਰਸੁ ਪੀਵਨਾ।।੧।।
ਖਾਵਨਾ ਜਿਤੁ ਭੂਖ ਨ ਲਾਗੈ ਸੰਤੋਖਿ ਸਦਾ ਤ੍ਰਿਪਤੀਵਨਾ।।੨।।.............
..........................................................
ਮਾਤਿਆ ਹਰਿ ਰਸ ਮਹਿ ਰਾਤੇ ਤਿਸੁ ਬਹੁੜਿ ਨ ਕਬਹੂ ਅਉਖੀਵਨਾ।।੬।।

ਮਾਰੂ ਮਹਲਾ ੫-( ਪੰਨਾ ੧੦੧੮-੧੯)

---



www.AKJ.Org

# ਇੱਕ ਲਾਸਾਨੀ ਸ਼ਹਾਦਤ

(ਵਲੋਂ ਅਜੀਤ ਕੌਰ ਲੁਧਿਆਣਾ)

ਸ਼ਹੀਦੀ ਕੌਮ ਦਾ ਜੀਵਨ ਹੋਇਆ ਕਰਦੀ ਹੈ। ਜਿਸ ਕੌਮ ਵਿੱਚ ਕੋਈ ਸ਼ਹੀਦ ਨਹੀਂ ਹੋਇਆ ਉਹ ਥੋੜ੍ਹੇ ਸਮੇਂ ਬਾਅਦ ਕਮਜ਼ੋਰ ਤੇ ਬੁਜ਼ਦਿਲ ਹੋ ਕੇ ਸਦਾ ਲਈ ਮਰ ਮਿਟ ਸਕਦੀ ਹੈ। ਗੁਰਸਿੱਖੀ ਦੀ ਉਮਰ ਭਾਵੇਂ ਛੋਟੀ ਹੈ ਪਰ ਅਦੁੱਤੀ ਸ਼ਹੀਦੀਆਂ ਦੇ ਕਾਰਨ ਇਹ ਕੌਮ ਸਭ ਤੋਂ ਅੱਗੇ ਹੈ।

ਗੁਰੂ ਘਰ ਵਿੱਚ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਸਭ ਤੋਂ ਪਹਿਲੀ ਸ਼ਹੀਦੀ ਸੀ ਜਿਸ ਨੇ ਸਾਰੇ ਸੰਸਾਰ ਨੂੰ ਝੰਜੋੜ ਕੇ ਰੱਖ ਦਿੱਤਾ। ਸਿੱਖ ਕੌਮ ਵਿੱਚ ਸ਼ਹੀਦੀਆਂ ਦਾ ਮਾਦਾ ਪੈਦਾ ਹੋਇਆ। ਚੌਥੇ ਗੁਰੂ ਧੰਨ ਗੁਰੂ ਰਾਮਦਾਸ ਜੀ ਦੇ ਘਰ ਤਿੰਨ ਸਪੁੱਤਰ ਪੈਦਾ ਹੋਏ। ਸਭ ਤੋਂ ਛੋਟੇ ਪਰ ਗੁਣਾਂ ਕਰਕੇ ਸਭ ਤੋਂ ਉਪਰ ਸਨ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ। ਆਪ ਜੀ ਦਾ ਜਨਮ ੧੬੨੦ ਬਿਕ੍ਰਮੀ ਵਿਸਾਖ ਵਦੀ ਸਤੱਵੀਂ ਨੂੰ ਗੋਇੰਦਵਾਲ ਵਿਖੇ ਮਾਤਾ ਭਾਨੀ ਜੀ ਦੇ ਘਰ ਹੋਇਆ। ਬਾਲ-ਲੀਲ੍ਹਾ ਦੇ ਕੌਤਕ ਨਾਨਾ ਜੀ ਦੀ ਵਸਾਈ ਹੋਈ ਨਗਰੀ ਗੋਇੰਦਵਾਲ ਵਿਖੇ ਕੀਤੇ। ਗੁਰੂ-ਪਿਤਾ ਦੀਆਂ ਖੁਸ਼ੀਆਂ ਦੁਆਰਾ ੧੮ ਸਾਲ ਦੀ ਉਮਰ ਵਿੱਚ ਗੁਰ-ਗੱਦੀ ਤੇ ਬਿਰਾਜਮਾਨ ਹੋਏ। ਪ੍ਰਮਾਤਮਾ ਵਲੋਂ ਆਪ ਜੀ ਨੂੰ ਭਾਵੇਂ ਕੁਲ ੪੩ ਸਾਲ ਦੀ ਉਮਰ ਬਖਸ਼ਿਸ਼ ਹੋਈ ਪਰ ਆਪ ਜੀ ਨੇ ਏਨੀ ਕੁ ਉਮਰ ਵਿੱਚ ਹੀ ਬਹੁਤ ਸਾਰੇ ਪਰਉਪਕਾਰ ਦੇ ਕੰਮ ਕੀਤੇ।

1. ਆਪ ਜੀ ਨੂੰ ਗੁਰੂ-ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਦੀ ਸਥਾਪਨਾ ਕਰਨ ਲਈ ਗੁਰਬਾਣੀ ਦੀਆਂ ਪੋਥੀਆਂ ਆਪਣੇ ਮਾਮੇ ਮੋਹਨ ਤੋਂ ਪੋਥੀਆਂ ਲੈ ਕੇ ਇੱਕ ਪਾਲਕੀ ਵਿੱਚ ਰੱਖਕੇ ਬੜੇ ਸਤਿਕਾਰ ਨਾਲ ਪੈਦਲ ਚਲਕੇ ਅੰਮ੍ਰਿਤਸਰ ਪਹੁੰਚੇ। ਰਾਮਸਰ ਸਰੋਵਰ ਵਾਲੀ ਥਾਂ ਤੇ ਸਿੱਖ ਗੁਰੂਆਂ ਤੇ ਪੰਦਰਾਂ ਭਗਤਾਂ ਦੀ ਬਾਣੀ ਭਾਈ ਗੁਰਦਾਸ ਜੀ ਤੋਂ ਲਿਖਵਾ ਕੇ ਬਾਣੀ ਦਾ ਜਹਾਜ ਤਿਆਰ ਕਰਵਾਇਆ ਜਿਸ ਦੇ ਆਸਰੇ ਅਨੇਕਾਂ ਜੀਵਾਂ ਦਾ ਉਧਾਰ ਹੋਇਆ ਤੇ ਹੁਣ ਵੀ ਹੋ ਰਿਹਾ ਹੈ।

੨. ਅੰਮ੍ਰਿਤ-ਸਰੋਵਰ ਦੀ ਰਚਨਾ ਤੇ ਉਸਦੇ ਵਿਚਕਾਰ ਹਰਿਮੰਦਰ ਦੀ ਸਥਾਪਨਾ ਕਰਨਾ ਇਹ ਆਪ ਜੀ ਦੀ ਸਭ ਤੋਂ ਵੱਡੀ ਸੰਸਾਰ ਨੂੰ ਦੇਣ ਹੈ। ਪੰਜਾਂ ਸਰੋਵਰਾਂ ਵਿਚੋਂ ਅੰਮ੍ਰਿਤ-ਸਰ, ਰਾਮਸਰ, ਸੰਤੋਖਸਰ ਪੰਚਮ ਪਾਤਸ਼ਾਹ ਜੀ ਨੇ ਆਪ ਤਿਆਰ ਕਰਵਾਏ। ਬਿਬੇਕਸਰ ਤੇ ਕੌਲਸਰ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਤਿਆਰ ਕਰਵਾਏ।

3. ਦੁਆਬੇ ਵਿੱਚ ਕਰਤਾਰਪੁਰ ਨਗਰ ਵਸਾਇਆ। ਛੇਹਰਟਾ ਸਾਹਿਬ ਤੇ ਤਰਨਤਾਰਨ ਸਾਹਿਬ ਆਪ ਜੀ ਦੇ ਵਸਾਏ ਹੋਏ ਮਹਾਨ ਤੀਰਥ ਹਨ।

ਜਦੋਂ ਸੇਵਾ ਦੇ ਪੁੰਜ, ਬਾਣੀ ਦੇ ਬੋਹਿਥ ਧੰਨ ਗੁਰੂ ਅਰਜਨ ਦੇਵ ਜੀ ਅੱਗੇ ਆਪ ਜੀ ਦੇ ਮਹਿਲ ਮਾਤਾ ਗੰਗਾ ਜੀ ਨੇ ਬੇਨਤੀ ਕੀਤੀ ਕਿ ਪਾਤਸ਼ਾਹ ਗੁਰਗੱਦੀ ਦਾ ਵਾਰਿਸ ਬਖਸ਼ੋ ਤਾਂ ਆਪ ਜੀ ਨੇ ਕਿਹਾ ਕਿ ਬਾਬਾ ਬੁੱਢਾ ਜੀ ਪਾਸ ਜਾਓ। ਪਹਿਲਾਂ ੧੮ ਅਸੂ ੧੬੫੨ ਬਿਕ੍ਰਮੀ ਨੂੰ ਮਾਤਾ ਜੀ ਸ਼ਾਹੀ-ਠਾਠ ਨਾਲ ਬਾਬਾ ਜੀ ਪਾਸ ਗਏ । ਪਰ ਅੱਗੋਂ ਨਿਰਾਸਤਾ ਮਿਲੀ। ਫੇਰ ੨੧ ਅਸੂ ਨੂੰ ਆਪਣੇ ਹੱਥੀਂ ਮਿੱਸੇ ਪ੍ਰਸ਼ਾਦੇ ਤਿਆਰ ਕਰਕੇ, ਮੱਖਣ ਲੱਸੀ ਤੇ ਪਿਆਜ ਲੈ ਕੇ ਪੰਜਾਂ ਸਿੱਖਾਂ ਦਾ ਪ੍ਰਸ਼ਾਦਾ ਸੀਸ ਤੇ ਰੱਖ ਕੇ ਨੰਗੇ ਪੈਰੀਂ ਗਏ ਤੇ ਛੇਵੇਂ ਪਾਤਸ਼ਾਹ ਦੇ ਅਵਤਾਰ ਦਾ ਵਰ ਪ੍ਰਾਪਤ ਕੀਤਾ।

4. ਆਪ ਜੀ ਨੇ ਭਾਈ ਬਹਿਲਾ, ਭਾਈ ਸਾਲੋ, ਭਾਈ ਮੰਝ, ਭਾਈ ਭਿਖਾਰੀ, ਭਾਈ ਤਿਲਕ ਭਾਈ, ਲਖੂ, ਭਾਈ ਬੁਧੂ, ਭਾਈ ਬਿਧੀਚੰਦ ਨੂੰ ਸਿੱਖੀ ਦਾਂ ਪ੍ਰਚਾਰ ਕਰਨ ਲਈ ਚੁਣਿਆ। ਭਾਈ ਮਾਧੋ ਦਾਸ ਸੋਢੀ ਨੂੰ ਕਸ਼ਮੀਰ ਵੱਲ ਤੇ ਭਾਈ ਗੁਰਦਾਸ ਜੀ ਨੂੰ ਆਗਰੇ ਵੱਲ ਸਿੱਖੀ-ਪ੍ਰਚਾਰ ਹਿਤ ਭੇਜਿਆ। ਇਉਂ ਥੋੜ੍ਹੇ ਸਮੇਂ ਵਿੱਚ ਆਪ ਜੀ ਨੇ ਬਹੁਤ ਸਾਰੇ ਸਿੱਖੀ-ਪ੍ਰਚਾਰ ਲਈ ਕੰਮ ਕੀਤੇ।

ਗੁਰੂ ਪੰਚਮ ਪਾਤਸ਼ਾਹ ਜੀ ਨੂੰ ਜਹਾਂਗੀਰ ਦੇ ਹੁਕਮ ਨਾਲ ਲਾਹੌਰ ਵਿਖੇ ਸ਼ਹੀਦ ਕੀਤਾ ਗਿਆ। ਵੱਖ ਵੱਖ ਇਤਿਹਾਸਕਾਰਾਂ ਨੇ ਉਹਨਾਂ ਦੀ ਸ਼ਹੀਦੀ ਦੇ ਵੱਖ ਵੱਖ ਕਾਰਨ ਦੱਸੇ ਹਨ। ਜਿਨ੍ਹਾਂ ਵਿੱਚੋਂ ਕੁਝ ਇੱਕ ਹੇਠ ਲਿਖੇ ਹਨ।



www.AKJ.Org

(ੳ) ਚੰਦੂ ਦੀ ਲੜਕੀ ਦਾ ਰਿਸ਼ਤਾ ਮਨਜ਼ੂਰ ਨਾ ਕਰਨਾ।

(ਅ) ਪ੍ਰਿਥੀ ਚੰਦ ਦੀ ਵਿਰੋਧਤਾ।

(ੲ) ਕਾਨ੍ਹੇ ਭਗਤ ਦਾ ਸਰਾਪ ਕਿ ਮੇਰੀ ਬਾਣੀ ਬੀੜ ਵਿੱਚ ਦਰਜ ਨਹੀਂ ਕੀਤੀ ਅੰਤ ਸਮੇਂ ਸਰੀਰ ਤੇ ਤਸੀਹੇ ਸਹਾਰ ਕੇ ਵੈਰੀਆਂ ਦੇ ਘਰ ਪ੍ਰਾਣ ਤਿਆਗੋਗੇ। ਹਜ਼ੂਰ ਕਹਿਣ ਲੱਗੇ ਅਸੀਂ ਇਸ ਤਰ੍ਹਾਂ ਹੀ ਭਾਣਾ ਵਰਤਾਉਣਾ ਹੈ। ਕੀ ਹੋ ਗਿਆ ਕਿ ਤੁਸੀਂ ਸਾਡੇ ਬਾਰੇ ਇਹ ਭਵਿਖ ਵਾਰਤਾ ਦੱਸ ਦਿੱਤੀ ਪਰ ਤੈਨੂੰ ਤਾਂ ਆਪਣੀ ਮੌਤ ਦਾ ਵੀ ਪਤਾ ਨਹੀਂ ਕਿ "ਮੈਂ ਲਹੌਰ ਪੁੱਜ ਵੀ ਸਕਾਂਗਾ ਜਾਂ ਨਹੀਂ।" ਲੰਮੇਰੀ ਉਮਰ ਦਾ ਜੋਗ-ਅਭਿਆਸੀ ਭਗਤ ਦਸਵੇਂ ਦੁਆਰ ਸੁਆਸ ਚੜ੍ਹਾ ਕੇ ਰਥ ਵਿੱਚ ਬੈਠ ਗਿਆ। ਰਸਤੇ ਵਿੱਚ ਤੇਜ਼ ਹਨੇਰੀ ਆਈ । ਬੈਲ ਤ੍ਰਬਕ ਗਏ ਰਥ ਮੂਧਾ ਹੋ ਗਿਆ। ਰਥ ਦਾ ਪਹੀਆ ਭਗਤ ਦੇ ਸਿਰ ਉਤੋਂ ਲੰਘ ਗਿਆ ਤੇ ਭਗਤ ਜੀ ਨੇ ਉਥੇ ਹੀ ਪ੍ਰਾਣ ਤਿਆਗ ਦਿੱਤੇ।

(ਸ) ਪ੍ਰੰਤੂ ਸਭ ਤੋਂ ਵੱਡਾ ਕਾਰਨ ਸੀ ਜਹਾਂਗੀਰ ਦੇ ਪੁੱਤਰ ਖੁਸਰੋ ਨੂੰ ਪਨਾਹ ਦੇਣ ਦਾ। ਜਹਾਂਗੀਰ ਬੜਾ ਤੁਅਸਬੀ ਸੀ। ਉਸਨੇ ਤੁਜਕੇ ਜਹਾਂਗੀਰੀ ਵਿੱਚ ਲਿਖਿਆ ਹੈ ਕਿ ਇਹ ਕੁਫਰ ਦੀ ਦੁਕਾਨ ਕਈ ਪੁਸ਼ਤਾਂ ਤੋਂ ਚਲੀ ਆ ਰਹੀ ਸੀ ਜਿਸ ਨੂੰ ਬੰਦ ਕਰਨੀ ਚਾਹੁੰਦਾ ਸਾਂ। ਕਾਫ਼ਰ ਹਿੰਦੂ ਤੇ ਭੋਲੇ ਮੁਸਲਮਾਨ ਵੀ ਉਹਨਾਂ ਦੇ ਮਤ ਵਿੱਚ ਆ ਰਹੇ ਸਨ। ਕੁਝ ਮੁਸਲਮਾਨਾਂ ਨੇ ਜਹਾਂਗੀਰ ਅੱਗੇ ਸ਼ਕਾਇਤ ਕੀਤੀ ਕਿ ਇਹਨਾਂ ਨੇ ਇਕ ਅਜਿਹੀ ਪੋਥੀ ਤਿਆਰ ਕੀਤੀ ਹੈ ਜਿਸ ਵਿੱਚ ਸਾਡੇ ਪੈਗੰਬਰਾਂ ਦੀ ਬਹੁਤ ਨਿੰਦਿਆਂ ਕੀਤੀ ਹੈ। ਪੰਚਮ ਪਾਤਸ਼ਾਹ ਨੇ ਪੰਜਾ ਸਿੱਖਾਂ ਨੂੰ ਮਹਾਰਾਜ ਦਾ ਪਾਵਨ ਸਰੂਪ ਦੇ ਕੇ ਲਾਹੌਰ ਭੇਜਿਆ। ਉਥੇ ਉੱਚੀ ਥਾਂ ਤੇ ਚੰਦੋਆ ਲਾ ਕੇ ਪ੍ਰਕਾਸ਼ ਕੀਤਾ ਗਿਆ। ਉਰਦੂ ਦੀ ਕਿਤਾਬ ਵਾਂਗ ਪਹਿਲਾਂ ਸੱਜੇ ਪਾਸੇ ਤੋਂ ਹੁਕਮਨਾਮਾਂ ਲਿਆ ਤਾਂ ਫੁਰਮਾਨ ਆਇਆ:

ਫ਼ਰੀਦਾ ਬੇਨਿਵਾਜਾ ਕੁਤਿਆ ਏਹ ਨ ਭਲੀ ਰੀਤਿ॥<br>ਕਬਹੀ ਚਲਿ ਨ ਆਇਆ ਪੰਜੇ ਵਖਤ ਮਸੀਤਿ॥੭੦॥ (ਪੰਨਾ ੧੩੮੧)

ਅਗੋਂ ਪਤਰੇ ਪਰਤ ਕੇ ਪਾਠ ਕੀਤਾ ਤਾਂ ਬਚਨ ਆਏ:

ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥<br>ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥ (ਪੰਨਾ ੧੩੪੯)

ਮਧ ਵਿਚੋਂ ਹੁਕਮ ਆਇਆ :

ਯਕ ਅਰਜ ਗੁਫਤਮ ਪੇਸਿ ਤੋ ਦਰਗੋਸ ਕੁਨ ਕਰਤਾਰ। (ਪੰਨਾ ੭੨੧)

ਮੁੱਢ ਵਿੱਚੋਂ ਪਾਠ ਕੀਤਾ ਤਾਂ ਫ਼ੁਰਮਾਨ ਆਇਆ :

ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ॥ (ਪੰਨਾ ੧੪੧)

ਬਾਦਸ਼ਾਹ ਕਹਿਣ ਲੱਗਾ ਇਸ ਵਿੱਚ ਇਸਲਾਮ ਦੇ ਵਿਰੁੱਧ ਤਾਂ ਕੋਈ ਗੱਲ ਨਹੀਂ। ਉਸਨੇ ੫੧ ਮੋਹਰਾਂ ਭੇਟਾ ਕਰਕੇ ਬੀੜ ਵਾਪਸ ਭੇਜ ਦਿੱਤੀ।

ਸਮੁੱਚੀ ਵਿਚਾਰ ਧਾਰਾਂ ਤੋਂ ਇਹੋ ਹੀ ਸਿੱਧ ਹੁੰਦਾ ਹੈ ਕਿ ਸਤਿਗੁਰਾਂ ਦੀ ਸ਼ਹਾਦਤ ਦਾ ਵੱਡਾ ਕਾਰਨ ਜਹਾਂਗੀਰ ਦਾ ਤੁਅੱਸਬ ਹੀ ਸੀ। ਅਖੀਰ ਬਾਦਸ਼ਾਹ ਨੇ ਗੁਰੂ ਜੀ ਨੂੰ ਲਾਹੌਰ ਸੱਦ ਭੇਜਿਆ। ਆਪ ਪੰਜ ਸਿੱਖਾਂ ਨੂੰ ਨਾਲ ਲੈ ਕੇ ਲਾਹੌਰ ਪੁੱਜ ਗਏ ਤੇ ਭਾਈ ਸਾਧੂ ਸਿੱਖ ਦੇ ਘਰ ਠਹਿਰੇ ਤੇ ਸੰਗਤਾਂ ਨੂੰ ਦਰਸ਼ਨ ਦਿੱਤੇ। ਇਥੋਂ ਬਾਦਸ਼ਾਹ ਦੀ ਕਚਿਹਰੀ ਗਏ। ਖੁਸਰੋ ਨੂੰ ਪਨਾਹ ਦੇਣ ਦੇ ਦੋਸ਼ ਵਿੱਚ ਆਪ ਜੀ ਨੂੰ ਇੱਕ ਲੱਖ ਰੁਪਿਆ ਜ਼ੁਰਮਾਨਾ ਕੀਤਾ ਗਿਆ। ਗੁਰੂ ਜੀ ਨੇ ਕਿਹਾ ਕਿ ਜੋ ਮਾਇਆ ਹੈ ਇਹ ਸੰਗਤ ਦੀ ਅਮਾਨਤ ਹੈ ਤੇ ਇਹ ਗੁਰੂ ਕੇ ਲੰਗਰ ਵਾਸਤੇ ਹੈ। ਇਸ ਲੰਗਰ ਵਿੱਚੋਂ ਹਰ ਜਾਤੀ ਦਾ ਹਰ ਵਿਅਕਤੀ ਬਿਨਾਂ ਕਿਸੇ ਭੇਦ ਭਾਵ ਤੋਂ ਪ੍ਰਸ਼ਾਦਾ ਛਕ ਸਕਦਾ ਹੈ। ਇਹ ਮਾਇਆ ਜੁਰਮਾਨਾ ਭਰਨ ਲਈ ਨਹੀਂ ਹੈ। ਜੁਰਮਾਨਾ ਤਾਂ ਚੋਰਾਂ ਡਾਕੂਆਂ ਤੇ ਮੰਦੇ ਪੁਰਸ਼ਾਂ ਨੂੰ ਲਾਇਆ ਜਾਂਦਾ ਹੈ, ਸਤ ਪੁਰਸ਼ਾਂ ਨੂੰ ਨਹੀਂ। ਬਾਦਸ਼ਾਹ ਨੇ ਆਪ ਜੀ ਨਾਲ ਕੁਝ ਪ੍ਰਮਾਰਥਕ ਬਚਨ-ਬਿਲਾਸ ਕੀਤੇ ਤੇ ਫੇਰ ਕਿਹਾ ਕਿ ਤੁਸੀਂ ਆਪਣੀ ਬੀੜ ਵਿੱਚ ਇਹ ਤਿੰਨ ਗੱਲਾਂ ਲਿਖ ਦਿਓ



www.AKJ.Org

(੧) ਮੇਰਾ ਸੰਮਤ (੨)ਮਹੁੰਮਦ ਸਾਹਿਬ ਦੀ ਉਸਤਤ (੩) ਮੁਸਲਮਾਨ ਬਣਨ ਦਾ ਸਬਾਬ ਪੁੰਨ। ਪਰ ਗੁਰੂ ਜੀ ਨੇ ਕਿਹਾ ਕਿ ਕਿਸੇ ਦੀ ਖ਼ੁਸ਼ਾਮਦ ਵਿੱਚ ਇਹ ਇਲਾਹੀ ਬਾਣੀ ਬਦਲੀ ਨਹੀਂ ਜਾ ਸਕਦੀ। ਇਸ ਦਾ ਇੱਕ ਇੱਕ ਸ਼ਬਦ ਰਤਨਾਂ ਤੁੱਲ ਹੈ। ਇਸ ਵਿੱਚ ਕਚਕੜੇ ਨਹੀਂ ਮਿਲਾਏ ਜਾ ਸਕਦੇ। ਸਰੀਰ ਤਾਂ ਨਾਸ਼ਵਾਨ ਹੈ ਇਸ ਨੇ ਤਾਂ ਰਹਿਣਾ ਹੀ ਨਹੀਂ। ਅੱਗੇ ਜਾ ਕੇ ਤਾਂ ਕਰਮਾਂ ਅਨੁਸਾਰ ਲੇਖਾ ਹੋਣਾ ਹੈ। ਇਸ ਬੀੜ ਵਿੱਚ ਨਾ ਤਾਂ ਕਿਸੇ ਦੀ ਤਾਰੀਫ਼ ਤੇ ਨਾ ਸੰਨ ਲਿਖਿਆ ਜਾ ਸਕਦਾ ਹੈ। ਇਹ ਗੱਲਾਂ ਸੁਣ ਕੇ ਜਹਾਂਗੀਰ ਸੜ ਬਲ ਕੇ ਕੋਇਲੇ ਹੋ ਗਿਆ। ਜਦ ਸ਼ਾਮਾਂ ਪਈਆਂ ਤਾਂ ਇਸ਼ਾਰੇ ਨਾਲ ਸਤਿਗੁਰਾਂ ਨੂੰ ਚੰਦੂ ਦੇ ਹਵਾਲੇ ਕਰ ਦਿੱਤਾ। ਉਹ ਸਿਪਾਹੀਆਂ ਦੇ ਘੇਰੇ ਵਿੱਚ ਪੰਜ ਸਿੱਖਾਂ ਸਮੇਤ ਸਤਿਗੁਰਾਂ ਨੂੰ ਆਪਣੇ ਘਰ ਲੈ ਗਿਆ। ਸਿੱਖਾਂ ਨੂੰ ਅਲਿਹਦਾ ਕੈਦ ਕਰ ਦਿੱਤਾ ਤੇ ਸਤਿਗੁਰਾਂ ਨੂੰ ਵਖਰਾ ਲੈ ਗਿਆ। ਲੜਕੀ ਦਾ ਰਿਸ਼ਤਾ ਮੰਨਣ ਲਈ ਕਿਹਾ ਪਰ ਗੁਰੂ ਜੀ ਫੇਰ ਵੀ ਨਾ ਮੰਨੇ। ਪੰਜ ਦਿਨ ਆਪ ਜੀ ਨੂੰ ਸਖ਼ਤ ਤਸੀਹੇ ਦਿੱਤੇ ਜਿਸ ਨੂੰ ਵੇਖ ਕੇ ਸ਼ਕਤੀਆਂ ਵਾਲੇ ਪੀਰ ਵੀ ਡੋਲ ਗਏ। ਉਹਨਾਂ ਨੇ ਕਰਾਮਾਤ ਦਿਖਾਉਣ ਦੀ ਆਗਿਆ ਮੰਗੀ। ਪਰ ਗੁਰੂ ਜੀ ਨੇ ਸਭ ਨੂੰ ਰੋਕ ਦਿੱਤਾ। ਮੀਆਂ ਮੀਰ ਪੀਰ ਆਪਣੀ ਸ਼ਕਤੀ ਨਾਲ ਪਹਿਰੇਦਾਰਾਂ ਨੂੰ ਬੇਹੋਸ਼ ਕਰਕੇ ਸਤਿਗੁਰਾ ਪਾਸ ਪੁੱਜਾ। ਵੇਖ ਕੇ ਧਾਹਾਂ ਮਾਰ ਕੇ ਰੋਇਆ। ਪਰ ਗੁਰੂ ਜੀ ਨੇ ਕਿਹਾ ਪੀਰ ਜੀ ਧੀਰਜ ਕਰੋ। ਸਭਨਾਂ ਵਿੱਚ ਆਪਣਾ ਸਰੂਪ ਤੱਕੋ, ਤੁਸਾਂ ਸੁਖਮਨੀ ਸਾਹਿਬ ਦੀ ਨੌਂਵੀ ਅਸ਼ਟਪਦੀ ਸੁਣ ਕੇ ਇਕ ਵਾਰ ਸ਼ੰਕਾ ਪ੍ਰਗਟ ਕੀਤਾ ਸੀ।

"ਤੈਸਾ ਸੁਵਰਨੁ ਤੈਸੀ ਉਸੁ ਮਾਟੀ॥ ਤੈਸਾ ਅੰਮ੍ਰਿਤ ਤੈਸੀ ਬਿਖੁ ਖਾਟੀ॥
ਤੈਸਾ ਮਾਨੁ ਤੈਸਾ ਅਭਿਮਾਨੁ॥ ਤੈਸਾ ਰੰਕੁ ਤੈਸਾ ਰਾਜਾਨੁ॥
ਜੋ ਵਰਤਾਏ ਸਾਈ ਜੁਗਤਿ॥ ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ॥ (ਪੰਨਾ ੨੭੫)

ਇਹੋ ਜਿਹਾ ਮਹਾਂਪੁਰਸ਼ ਹੈ ? ਅਸੀਂ ਕਿਹਾ ਸੀ ਦਿਖਾ ਦੇਵਾਂਗੇ। ਹੁਣ ਦੇਖ ਲਓ। ਅੱਗ ਨੂੰ ਕਿਹਾ ਆਪਣਾ ਕੰਮ ਕਰੀ ਜਾ ਅਸੀਂ ਨਾਮ ਦੀ ਸ਼ਕਤੀ ਨਾਲ ਤੇਰਾ ਸੇਕ ਸਹਾਰਾਂਗੇ।

'ਦੁਨੀਆਂ ਆਤਮ ਖੁਦ ਨਾਮ ਖੁਦਾਇਆ' ਤੱਤੇ ਥੰਮਾਂ ਨੂੰ ਵੇਖ ਕੇ ਪ੍ਰਹਿਲਾਦ ਦਾ ਦਿਲ ਡੋਲਿਆ। ਪ੍ਰਭੂ ਨੇ ਕੀੜੀ ਦਾ ਰੂਪ ਧਾਰ ਕੇ ਉਸਦਾ ਨਿਸਚਾ ਪੱਕਾ ਕੀਤਾ। ਅਗਨੀ ਦੇ ਅੰਗਾਰ ਵੇਖ ਕੇ ਇਬਰਾਹੀਮ ਦਾ ਮਨ ਕੰਬ ਗਿਆ। ਅਗਨੀ ਦੇ ਅੰਗਾਰ ਗੁਲਾਬ ਦੇ ਫੁੱਲ ਬਣ ਗਏ। ਪਰ ਗੁਰੂ ਅਰਜਨ ਦੇਵ ਜੀ ਅਡੋਲ ਰਹੇ। ਸ਼ਕਤੀ ਨਹੀਂ ਵਰਤੀ। ਸਾਰੇ ਸਰੀਰ ਤੇ ਛਾਲੇ ਪੈ ਗਏ 'ਤੇਰਾ ਕੀਆ ਮੀਠਾ ਲਾਗੇ' ਕਹਿੰਦੇ ਰਹੇ। ਅਖੀਰ ਜੇਠ ਸੁਦੀ ਚੌਥ ਸੰਮਤ ੧੬੬੩ ਬਿਕ੍ਰਮੀ ਨੂੰ ਸਰੀਰ ਕਰਕੇ ਰਾਵੀ ਵਿੱਚ ਤੇ ਜੋਤ ਕਰਕੇ ਵਿਆਪਕ ਬ੍ਰਹਮ ਵਿੱਚ ਲੀਨ ਹੋ ਗਏ। ਅਜਿਹੀ ਲਾਸਾਨੀ ਸ਼ਹਾਦਤ ਦੀ ਮਿਸਾਲ ਅਜ ਤੱਕ ਦੁਨੀਆਂ ਵਿੱਚ ਨਾ ਮਿਲੀ ਹੈ ਤਾਂ ਨਾ ਹੀ ਮਿਲਣੀ ਹੈ।

---

(ਪੰਨਾ ੩ ਦਾ ਬਾਕੀ ...)

ਕਰਾਮਾਤ ਦਿਖਾਉਣਾ ਜਣਾਉਣਾ ਭਗਤੀ ਮਾਰਗ ਤੋਂ ਬਹੁਤ ਉਰੇਡੇ ਹੈ। ਰਹਿਮਤ ਦੇ ਘਰ ਵਿਚ ਆਓ, ਖਲਕਤ ਖ਼ੁਦਾਈ ਤੇ ਕਹਿਰ ਬਰਪਾ ਕਰਨਾ ਖ਼ੁਦਾਈ ਬੰਦਿਆਂ ਦਾ ਕੰਮ ਨਹੀਂ। ਅਸੀਂ ਗੁਰਬਾਣੀ ਨਮਿਤ ਕੁਰਬਾਨੀ ਦੇ ਹਵਨ-ਕੁੰਡ ਵਿਚ ਖਿੜੇ ਮਥੇ ਅਹੂਤੀ ਦੇਣੀ ਹੈ, ਬਰ ਜ਼ਰੂਰ ਦੇਣੀ ਹੈ। ਪਰਮਾਤਮਾ ਨੇ ਭਗਤੀ ਦੀਆਂ ਜੜ੍ਹਾਂ ਪਤਾਲ ਵਿਚ ਲਾ ਦੇਣੀਆਂ ਹਨ। ਧੁਰ ਕੀ ਆਈ ਬਾਣੀ ਦੇ ਬੋਹਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਜੁਗੋ ਜੁਗ ਅਟੱਲ ਗੁਰ-ਪਦਵੀ ਦੀ ਅਸਥਿਤੀ ਦਾ ਅਰੰਭ ਰਚਣਾ ਹੈ, ਤਾਂ ਜੁ ਕਲਜੁਗੀ ਜੀਵਾਂ ਦਾ ਜੁਗੋ ਜੁਗ ਉਧਾਰ ਹੁੰਦਾ ਰਹੇ।

(ਅਕਾਲੀ ਲਾਹੌਰ, ੩ ਜੂਨ ੧੯੪੬)

---

ਸਾਚੀ ਬਾਨੀ ਸਿਉ ਧਰੇ ਪਿਆਰੁ॥ ਤਾ ਕੋ ਪਾਵੈ ਮੋਖ ਦੁਆਰੁ॥ (ਪੰਨਾ ੬੬੧)

*ਕਾਹਲੀ ਕਾਹਲੀ ਰਸਮ ਮੂਜਬ ਕੀਤੇ ਗੁਰਬਾਣੀ ਦੇ ਪਾਠ ਦਾ ਕੋਈ ਬਹੁਤਾ ਲਾਭ ਨਹੀਂ। ਸਹਿਜ ਵਿੱਚ ਪ੍ਰੇਮ ਸਹਿਤ ਕੀਤੇ ਪਾਠ ਦਾ ਹੀ ਰਸ ਆਉਂਦਾ ਹੈ ਅਤੇ ਗੁਰੂ ਦੀ ਮੇਹਰ ਹੁੰਦੀ ਹੈ। ਸਾਨੂੰ ਗੁਰਬਾਣੀ ਬੜੇ ਪ੍ਰੇਮ ਨਾਲ ਪੜ੍ਹਨੀ ਤੇ ਗਾਉਣੀ ਚਾਹੀਦੀ ਹੈ। ਬਾਣੀ ਪੜ੍ਹਦਿਆਂ ਗਾਉਂਦਿਆਂ ਸਾਡਾ ਉਚਾਰਣ ਸ਼ੁੱਧ ਹੋਣਾ ਚਾਹੀਦਾ ਹੈ, ਤਾਹੀਉਂ ਸਾਨੂੰ ਬਾਣੀ ਦੇ ਅਰਥਾਂ ਦੀ ਸੋਝੀ ਪਵੇਗੀ ਅਤੇ ਅਸੀਂ ਗੁਰ-ਉਪਦੇਸ਼ ਨੂੰ ਮਨ ਵਸਾ ਸਕਾਂਗੇ।*



www.AKJ.Org

# ਸਿੱਖ ਕੈਲੰਡਰ ਵਿਵੇਕਸ਼ੀਲਤਾ ਦਾ ਕਦਮ

(ਸ੍ਰ: ਜੋਗਿੰਦਰ ਸਿੰਘ ਲੁਧਿਆਣਾ)

ਗੁਰੂ ਨਾਨਕ ਦੇਵ ਜੀ ਆਪਣੇ ਇਕ ਸ਼ਬਦ ਰਾਹੀਂ ਭੇਦ ਖੋਲ੍ਹਦੇ ਹਨ ਕਿ ਇਸ ਦਿਸਦੀ / ਅਣਦਿਸਦੀ ਬ੍ਰਹਮੰਡੀ ਰਚਨਾ ਤੋਂ ਅਸੀਮ ਸਮਾਂ ਪਹਿਲਾਂ, ਮੁਢ-ਕਦੀਮੋਂ ਪਰਮਾਤਮਾ ਆਪਣੇ ਆਪ ਵਿਚ ਹੀ ਅਫੁਰ ਅਵਸਥਾ ਚ ਸਹਿਜ ਸਮਾਧੀ ਲਾਈ ਬੈਠਾ ਰਿਹਾ ਹੈ ਤੇ ਇਸ ਅਰਬਦ-ਨਰਬਦੀ ਆਦਿ ਜੁਗਾਦੀ ਧੁੰਧੂਕਾਰੀ ਅਵਸਥਾ ਬਾਬਤ ਕੁਝ ਵੀ ਦੱਸਿਆ ਨਹੀਂ ਜਾ ਸਕਦਾ। ਉਦੋਂ ਨਾ ਦਿਨ ਸੀ ਨਾ ਰਾਤ ਸੀ, ਨਾ ਚੰਦ ਸੀ ਨਾ ਸੂਰਜ, ਨਾ ਕੋਈ ਗਤੀਸ਼ੀਲਤਾ, ਨਾ ਬਦਲਦੇ ਮੌਸਮ, ਨਾ ਕੋਈ ਜੀਵ-ਜੰਤ, ਨਾ ਕੋਈ ਪੁਰਸ਼ ਨਾ ਕੋਈ ਇਸਤਰੀ, ਨਾ ਕੋਈ ਵਿਦਵਾਨ ਪੰਡਿਤ / ਮੋਲਵੀ ਨਾ ਕੋਈ ਗਿਆਨ ਵਿਗਿਆਨ। ਤਦੋਂ ਅਗੰਮ, ਅਗੋਚਰ, ਅਦ੍ਰਿਸ਼ਟ ਇਕ ਆਪ ਹੀ ਆਪ ਸੀ।

"ਜਾ ਤਿਸੁ ਭਾਣਾ ਤਾ ਜਗਤੁ ਉਪਾਇਆ॥

ਉਸ ਇਕ, ਸਦਾ-ਥਿਰ ਅਪਰੰਪਰ ਪਾਰਬ੍ਰਹਮ ਪਰਮੇਸ਼ਰ ਨੇ ਨਿਰੋਲ ਆਪਣੇ ਆਪ ਤੋਂ ਹੀ ਮਹਾਂ-ਅਗਨ, ਮਹਾਂ ਪਵਨ-ਪਾਣੀ, ਧਰਤੀ, ਚੰਦ, ਸੂਰਜ ਆਦਿ ਅਨੇਕਾਂ ਨਛੱਤਰ, ਗ੍ਰਹਿ, ਉਪ ਗ੍ਰਹਿ ਅਸੀਮਤ ਆਕਾਸ਼ ਵਿਚ ਆਪਣੇ ਭੈ-ਹੁਕਮ ਅਨੁਸਾਰ ਨਿਯਮਤ ਬੰਧਨਾਂ ਰਾਹੀਂ ਨਿਰੰਤਰ ਚਲਾਇਮਾਨ ਕਰ ਦਿੱਤੇ। ਇਸ ਤਰ੍ਹਾਂ ਕਰਤਾਰ ਨੇ ਆਪਣੇ ਆਪ ਤੋਂ ਹੀ ਅਕਲ-ਕਲਾ ਰਾਹੀਂ ਜੀਵ-ਉਤਪਤੀ ਦੀਆਂ ਖਾਣੀਆਂ, ਬਾਣੀਆਂ, ਸੋਚ ਮੰਡਲ ਦੇ ਪੰਜ ਗਿਆਨ ਇੰਦ੍ਰੇ, ਮਨ, ਬੁਧਿ ਸਾਜਿ ਕੇ ਜਗਤ ਰਚਨਾ ਦਾ ਕੌਤਕ ਕਰ ਦਿੱਤਾ। ਅੱਜ ਦਾ ਵਿਗਿਆਨ ਵੀ ਇਸੇ ਦਿਸ਼ਾ ਵੱਲ ਹੀ ਲੱਭਤਾਂ ਕਰ ਰਿਹਾ ਹੈ।

ਕੀਤਾ ਪਸਾਉ ਏਕੋ ਕਵਾਉ। ਤਿਸਤੇ ਹੋਏ ਲਖ ਦਰੀਆਉ।

'ਪਸਾਉ' ਦਾ ਭਾਵ ਇਹ ਨਹੀਂ ਕਿ ਸ੍ਰਿਸਟੀ ਝਟਪਟ ਹੀ ਅਣਹੋਂਦੇ ਤੋਂ ਹੋਂਦ ਵਿਚ ਆ ਗਈ। ਪਸਾਉ ਦਾ ਅਰਥ ਹੈ ਪਸਰਨਾ, ਫੈਲਣਾ, ਵਧਣਾ, ਫੁੱਲਣਾ। ਇਸ ਦਾ ਭਾਵ ਕੁਦਰਤੀ ਅਵੈਲਿਊਸ਼ਨ (Evolution of Nature) ਹੈ। 'ਕਵਾਉ' ਤੋਂ ਭਾਵ ਕੂਅਣਾ, ਵਚਨ ਸ਼ਬਦ, ਹੁਕਮ, ਇੱਛਾ ਹੈ।

ਕਈ ਜਨਮ ਭਏ ਕੀਟ ਪਤੰਗਾ। ਕਈ ਜਨਮ ਗਜ ਮੀਨ ਕੁਰੰਗਾ॥
ਕਈ ਜਨਮ ਪੰਖੀ ਸਰਪ ਹੋਇਓ॥ ਕਈ ਜਨਮ ਹੈਵਰ ਬ੍ਰਿਖ ਜੋਇਓ॥੧॥

(ਗਉੜੀ ਗੁਆਰੇਰੀ ਮਹਲਾ ੪-੧੭੬)

ਲਖ ਚਉਰਾਸੀਹ ਜੋਨਿ ਸਬਾਈ॥ ਮਾਣਸ ਕਉ ਪ੍ਰਭਿ ਦੀਈ ਵਡਿਆਈ॥

(ਮਾਰੂ ਸੋਲਹੇ ਮਹਲਾ ੪-੧੦੭੫)

ਜੀਵਨ ਉਤਪਤੀ ਦੇ ਇਸ 'ਪਸਾਉ' ਵਿਚ ਮਨੁੱਖ ਸ਼੍ਰੋਮਣੀ ਜੀਵ ਬਣਿਆ ਅਤੇ ਇਸ ਦੇ ਸੋਚ ਮੰਡਲ ਨੇ ਵੀ ਪਸਾਉ ਪ੍ਰਣਾਲੀ (Evolution of Religion) ਅਨੁਸਾਰ ਪ੍ਰਫੁਲਤਾ ਦੀਆਂ ਪੌੜੀਆਂ ਚੜ੍ਹਨੀਆਂ ਅਰੰਭੀਆਂ। ਮਨੁੱਖ "ਬਲਿਹਾਰੀ ਕੁਦਰਤ ਵਸਿਆ" ਨੂੰ ਵੇਖ-ਵੇਖ ਕੇ, ਬ੍ਰਹਮੰਡੀ ਚਾਨਣ-ਊਰਜਾ ਦੀ ਵਿਸਮਾਦੀ ਸੁੰਦਰਤਾ ਦੇ ਰੰਗ ਮਾਣਦਿਆਂ ਸੂਰਜ, ਚੰਦਰਮਾ-ਤਾਰਿਆਂ-ਜਲ-ਨਦੀਆਂ-ਪਹਾੜਾਂ, ਬਿਰਛਾਂ ਤੇ ਦੁਧਾਰੂ ਪਸ਼ੂਆਂ ਨੂੰ ਪੂਜਣ ਯੋਗ ਮੰਨਦਿਆਂ ਨਤ-ਮਸਤਕ ਹੋਇਆ, ਕਿਉਂਕਿ ਇਨ੍ਹਾਂ ਤੋਂ ਇਸ ਦੀਆਂ ਜੀਵਨ ਲੋੜਾਂ ਪੂਰੀਆਂ ਹੁੰਦੀਆਂ ਸਨ। ਘਾਤਕ ਕੁਦਰਤੀ ਆਫਤਾਂ, ਹਨ੍ਹੇਰੀ, ਝਖੜਾਂ, ਕੜਕਦੀ ਬਿਜਲੀ ਤੇ ਭੂਚਾਲਾਂ, ਗੰਦਗੀ ਤੋਂ ਫੈਲਦੀਆਂ ਬੀਮਾਰੀਆਂ ਤੇ ਖੂੰਖਾਰ ਜਾਨਵਰ ਕੀੜਿਆਂ ਨੂੰ ਵੀ ਮੱਥਾ ਟੇਕਣ ਲੱਗਾ, ਕਿਉਂਕਿ ਇਨ੍ਹਾਂ ਤੋਂ ਇਸ ਦੀ ਜੀਵਨ ਹੋਂਦ ਨੂੰ ਖਤਰਾ ਭਾਸਦਾ ਸੀ। ਯੂਨਾਨ, ਚੀਨ, ਈਰਾਨ, ਹਿੰਦੁਸਤਾਨ ਆਦਿ ਪੁਰਾਣੀ ਸਭਿਅਤਾ ਵਾਲੇ ਸਾਰੇ ਦੇਸ਼ਾਂ ਵਿਚ ਇਹੀ ਵਿਚਾਰ ਪ੍ਰਚਲਤ ਹੋਏ ਕਿ ਸਾਰੀ ਸ੍ਰਿਸਟੀ ਰਚਨਾ ਵਿਚ ਦੈਵੀ ਸ਼ਕਤੀਆਂ ਤੇ ਮੰਦੀਆਂ ਰੂਹਾਂ ਦੀ ਆਪਸੀ ਜੰਗ ਚਲ ਰਹੀ ਹੈ ਅਤੇ ਮਨੁੱਖਤਾ ਲਈ ਭਲੀਆਂ ਰੂਹਾਂ (ਦੇਵਤਿਆਂ) ਤੋਂ ਕੋਈ ਸੁੱਖ ਹਾਸਲ ਕਰਨ ਲਈ ਅਤੇ ਭੈੜੀਆਂ ਰੂਹਾਂ ਤੋਂ ਆਪਣੇ ਹਿੱਤਾਂ ਦੇ ਬਚਾਅ ਲਈ ਸਬੰਧਤ ਦੇਵਤਿਆਂ ਤੇ ਦੈਤਾਂ



www.AKJ.Org

ਦੀ ਪੂਜਾ ਦੇ ਵਿਸ਼ੇਸ਼ ਦਿਨ ਤਿਉਹਾਰ ਨੀਯਤ ਕੀਤੇ ਗਏ।

ਸੂਰਜ ਮੰਡਲੀ ਸਬੰਧਤ ਗ੍ਰਿਹਾਂ ਦੀ ਨਿਰੰਤਰ ਚਾਲ ਦੌਰਾਨ ਦਿਨ-ਰਾਤ ਅਤੇ ਪ੍ਰਿਥਵੀ ਦੀ ਬਦਲਦੀ ਭੌਤਿਕ ਦੂਰੀ ਸਦਕਾ ਵੱਖ ਵੱਖ ਮੌਸਮਾਂ ਦੀ ਤਬਦੀਲੀ ਹੁੰਦੀ ਹੈ। ਗੋਲਾਕਾਰ ਧਰਤੀ ਦਾ ਜਿਹੜਾ ਹਿੱਸਾ ਸੂਰਜ ਦੇ ਸਨਮੁੱਖ ਹੁੰਦਾ ਹੈ ਉਥੇ ਦਿਨ ਅਤੇ ਜਿਹੜਾ ਪਿਛਲੇ ਪਾਸੇ ਹੋਇਆ ਉਥੇ ਸੂਰਜੀ ਰੌਸ਼ਨੀ ਨਾ ਪਹੁੰਚਣ ਸਦਕਾ ਹਨ੍ਹੇਰਾ ਭਾਵ ਰਾਤ ਹੁੰਦੀ ਹੈ। ਧਰਤੀ ਦੁਆਲੇ ਘੁੰਮਦਾ ਹੋਇਆ ਚੰਦਰਮਾ ਜਦ ਸੂਰਜ ਦੇ ਸਾਹਮਣੇ ਉਲਟ ਪਾਸੇ ਹੁੰਦਾ ਹੈ ਤਾਂ ਪੂਰਨਮਾਸ਼ੀ ਹੁੰਦੀ ਹੈ ਅਤੇ ਜਿਸ ਸਮੇਂ ਇਹ ਸੂਰਜ ਅਤੇ ਧਰਤੀ ਵਿਚਕਾਰ ਆ ਜਾਂਦਾ ਹੈ ਤਾਂ ਮੱਸਿਆ ਹੁੰਦੀ ਹੈ ਕਿਉਂਕਿ ਧਰਤੀ ਵਲੋਂ ਚੰਦ੍ਰਮਾਂ ਦਾ ਦਿਖਦਾ ਹਿੱਸਾ ਸੂਰਜੀ ਰੌਸ਼ਨੀ ਦੇ ਪਿਛੋਕੜ ਸਥਿਤੀ ਵਿਚ ਆਇਆ ਹੁੰਦਾ ਹੈ। ਇਹ ਨਿਯਮਤ ਗਤੀਸ਼ੀਲਤਾ ਦੀਆਂ ਅਟੱਲ ਕੁਦਰਤੀ ਸਥਿਤੀਆਂ ਹਨ ਤੇ ਇੰਜ ਹੀ ਹਮੇਸ਼ਾਂ ਲਈ ਰਹਿਣਗੀਆਂ। ਮਨੁੱਖੀ ਗਣਿਤ ਦੀਆਂ ਵੱਖ ਵੱਖ ਬਦਲਦੀਆਂ ਪ੍ਰਣਾਲੀਆਂ ਇਨ੍ਹਾਂ ਘਟਨਾਵਾਂ ਦੇ ਸਮਿਆਂ ਨੂੰ ਨਹੀਂ ਬਦਲ ਸਕਦੀਆਂ। ਚੰਦ੍ਰਮਾਂ ਨਾਲ ਸਬੰਧਤ ਚੰਦ੍ਰ ਗ੍ਰਹਿਣ, ਮੱਸਿਆ, ਪੁੰਨਿਆ, ਚਾਨਣ ਐਤਵਾਰ, ਦੋ ਇਕਾਦਸ਼ੀਆਂ ਤੇ ਦੋ ਅਸ਼ਟਮੀਆਂ ਅਤੇ ਸੂਰਜ ਸਬੰਧੀ ਸੂਰਜ ਗ੍ਰਹਿਣ, ਤੇ ਸੰਗ੍ਰਾਂਦ ਵਧੇਰੇ ਪਵਿੱਤਰ ਸਮਝੇ ਜਾਣ ਲੱਗ ਪਏ। ਮਨੁੱਖੀ-ਸੋਚ-ਪ੍ਰਗਿਤ੍ਰੀ ਦੇ ਰਾਹ ਵਿਚ ਬਹੁ ਈਸ਼ਵਰੀ-ਵਾਦ ਦੇ ਸੰਕਲਪ ਦੀ ਥਾਂ ਇਕ ਪ੍ਰਮਾਤਮਾ ਦੀ ਭਗਤੀ ਦਾ ਰਿਵਾਜ ਵਧਣ ਤੇ ਭੀ ਇਨ੍ਹਾਂ ਦਸ ਪੁਰਬਾਂ ਦੀ ਰਾਹੀਂ ਇਨ੍ਹਾਂ ਦੇਵਤਿਆਂ ਦੀ ਪੂਜਾ ਪ੍ਰਤਿਸ਼ਟਾ ਅਜੇ ਤੱਕ ਜੋਬਨ ਤੇ ਹੈ ਤੇ ਇਸ ਦਾ ਪ੍ਰਭਾਵ ਇਨ੍ਹਾਂ ਡੂੰਘਾ ਹੋ ਚੁੱਕਾ ਹੈ ਕਿ ਗੁਰੂ ਨਾਨਕ–ਗੁਰੂ ਗੋਬਿੰਦ ਸਿੰਘ ਜੀ ਦੀ ਸਪੱਸ਼ਟ ਖਾਲਸਈ ਗੁਰਮਤਿ ਦੇ ਧਾਰਨੀ, ਜੋ ਸਿੱਖ ਸੰਗਤ ਇਕ ਅਕਾਲ ਪੁਰਖ ਨੂੰ ਮੰਨਣ ਵਾਲੀ ਹੋ ਚੁੱਕੀ ਹੈ, ਉਹ ਭੀ ਅਜੇ ਸੂਰਜ/ਚੰਦਰਮਾਂ ਦੀ ਪੂਜਾ ਪ੍ਰਤਿਸ਼ਟਾ ਨਾਲ ਸਬੰਧਤ ਤਿਉਹਾਰ ਮਨਾਣਾ ਨਹੀਂ ਛੱਡ ਸਕੇ।

ਇਸ ਤਰ੍ਹਾਂ ਤਾਰਾ ਵਿਗਿਆਨੀਆਂ, ਜਯੋਤਸ਼ੀਆਂ, ਪੰਚਾਗ ਕਰਤਿਆਂ ਦੀਆਂ ਗਿਣਤੀਆਂ ਮਿਣਤੀਆਂ ਅਨੁਸਾਰ ਸਮੇਂ ਦੀ ਮਾਪ-ਨਾਪ-ਵੰਡ ਅਧਾਰਤ ਮਾਹ, ਰੁਤੀ ਥਿਤੀ, ਵਾਰ ਹੋਂਦ ਵਿਚ ਆਏ ਤੇ ਮਨੁੱਖ ਨੇ ਆਪਣੀ ਜਾਣਕਾਰੀ /ਸਹੂਲਤਾਂ ਲਈ ਜੰਤਰੀਆਂ, ਕੈਲੰਡਰ ਬਣਾਏ। ਪੁਰਾਣੇ ਸਮਿਆਂ ਤੋਂ ਵੱਖ ਵੱਖ ਦੇਸ਼ਾਂ ਵਿਚ ਇਨ੍ਹਾਂ ਕਲੰਡਰਾਂ ਦੀ ਸੋਧ ਸੁਧਾਈ। (Ammendments & Improvements ) ਹੁੰਦੀ ਆਈ ਹੈ। ਮੁੱਢਲੇ ਸਮਿਆਂ ਵਿਚ ਅਰਬ ਦੇ ਇਸਲਾਮ ਧਰਮ ਦੇ, ਮਰੂਸਥਲਾਂ ਵਿਚ ਸੂਰਜ ਦੀ ਕੜਕਦੀ ਧੁੱਪ ਵਿਚ ਕਾਰਜਸ਼ੀਲਤਾ ਦੀ ਅਸੰਭਵਤਾ ਦੇ ਸਨਮੁੱਖ ਨਜੂਮੀਆਂ ਨੇ ਚੰਦ੍ਰਮਾ ਦੇ ਨਜ਼ਰੀ ਆਉਣ ਤੇ ਅਲੋਪ ਹੋ ਜਾਣ ਦੇ ਵਿਚਲੇ ਸਮੇਂ ਨੂੰ ਇਕ ਦਿਨ ਮੰਨਦਿਆਂ ਹੋਇਆਂ ਸਾਰੀ ਸਮਾਂ ਵੰਡ ਚੰਦ੍ਰ-ਗਤੀ ਅਨੁਸਾਰ ਉਲੰਕਣ ਕੀਤੀ। ਇਸ ਚੰਦਰ-ਸਾਲ ਵਿਚ ਮੌਸਮਾ ਦਾ ਬੱਝਵਾਂ ਹਿਸਾਬ ਠੀਕ ਢੁਕਵਾਂ ਨਹੀਂ ਸੀ ਬੈਠਦਾ। ਜੂਲੀਅਸ ਸੀਜਰ ਨੇ ਚੰਦਰਸਾਲ ਸੰਕਲਪ ਤਿਆਗ ਕੇ ਰੋਮ ਵਿਚ ਸੂਰਜੀ ਸਾਲ ਤੇ ਅਧਾਰਿਤ ਕੈਲੰਡਰ ਚਾਲੂ ਕੀਤਾ ਜਿਸ ਦੀ ਹੋਰ ਸੋਧ ਪੋਪ ਗੈਗਰੀ ਨੇ 1582 ਈ: ਵਿਚ ਕੀਤੀ ਅਤੇ ਮੌਸਮੀ ਸਾਲ ਦੀ ਸ਼ੁੱਧ ਲੰਬਾਈ ਕੈਲੰਡਰ ਨੂੰ ਸਹੀ ਰੱਖਣ ਲਈ ਨਿਯਮ ਸਥਾਪਤ ਕਰ ਦਿੱਤੇ। ਅੱਜ ਕੱਲ ਜੋ ਸਾਡਾ ਸੰਨ 2000 ਚੱਲ ਰਿਹਾ ਹੈ ਉਹ ਪੋਪ ਗੈਗਰੀ ਦੇ ਸੁਧਾਰੇ ਹੋਏ ਕੈਲੰਡਰ ਅਨੁਸਾਰ ਹੀ ਹੈ। ਇਸ ਤਰ੍ਹਾਂ ਈਸਾਇ.ਆਂ ਦਾ ਈਸਵੀ, ਮੁਸਲਮਾਨਾਂ ਦਾ ਹਿਜਰੀ, ਹਿੰਦੂਆਂ ਦਾ ਬਿਕ੍ਰਮੀ ਅਤੇ ਸਿੱਖ ਕੌਮ ਦਾ ਨਾਨਕਸ਼ਾਹੀ ਅਤੇ ਖਾਲਸਾ ਸੰਮਤ ਪ੍ਰਚਲਤ ਹਨ, ਜਿਨ੍ਹਾਂ ਦੇ ਵੇਰਵੇ ਪ੍ਰਚਲਿਤ ਜੰਤਰੀਆਂ ਵਿਚ ਵੇਖੇ ਜਾ ਸਕਦੇ ਹਨ। ਪਰ ਨਾਨਕਸ਼ਾਹੀ ਕੈਲੰਡਰ, ਬਿਕ੍ਰਮੀ ਸੰਮਤ, ਜਿਸ ਦਾ ਇਕ ਵਰ੍ਹਾ-ਸਮਾਂ ਮੌਸਮੀ ਸਾਲ ਨਹੀਂ ਹੈ ਦੀ ਹੂ-ਬ-ਹੂ ਨਕਲ ਸੀ ਅਤੇ ਉਸ ਦੀਆਂ ਤਿਥੀਆਂ ਸੁਦੀਆਂ ਵਦੀਆਂ ਸੰਗ੍ਰਾਂਦਾਂ ਆਦਿ ਵੀ ਬ੍ਰਿਕਮੀ ਸੰਮਤ ਵਾਲੀਆਂ ਹਨ ਜਿਸ ਕਰਕੇ ਬਿਕ੍ਰਮੀ ਸੰਮਤ ਵਿਚਲੀਆਂ ਮੁੱਢਲੀਆਂ ਤੁਰੁੱਟੀਆਂ ਦੇ ਭਾਰ ਹੇਠ ਇਸ ਦੇ ਮਹੀਨੇ, ਮੌਸਮਾਂ ਵਿਚ ਸਥਿਰ ਨਹੀਂ ਰਹਿੰਦੇ। ਈਸਵੀਂ ਕੈਲੰਡਰ, ਜਿਸਨੂੰ ਸਾਂਝਾ ਸੰਨ ਕਿਹਾ ਜਾਂਦਾ ਹੈ, ਮੌਸਮੀ ਸਾਲ 'ਨਾਲੋ ਕੇਵਲ 26 ਸੈਕੰਡ ਵੱਧ ਹੈ ਜਦਕਿ ਬਿਕ੍ਰਮੀ ਤਕਰੀਬਨ 20 ਮਿੰਟ ਵੱਧ ਹੈ। ਇਨ੍ਹਾਂ ਫਰਕਾਂ ਕਾਰਨ ਮੌਸਮਾਂ ਅਨੁਸਾਰ ਸਾਂਝੇ ਸੰਨ ਵਿਚ ਤਕਰੀਬਨ 3300 ਸਾਲਾਂ ਵਿਚ ਇਕ



www.AKJ.Org

ਦਿਨ ਦਾ ਅਤੇ ਬਿਕ੍ਰਮੀ ਸੰਮਤ ਵਿਚ 70/71 ਸਾਲਾਂ ਵਿਚ ਇਕ ਦਿਨ ਦਾ ਫਰਕ ਪੈਂਦਾ ਹੈ ਅਤੇ ਗੁਰਪੁਰਬਾਂ ਦੀਆਂ ਮਿਤੀਆਂ 'ਚ ਬਦਲਾਵ ਹੇਠ ਦਿੱਤੇ ਵੇਰਵਿਆਂ ਦੇ ਅਨੁਪਾਤ ਅਨੁਸਾਰ ਵੇਖਿਆ ਜਾ ਸਕਦਾ ਹੈ :

| ਸੰਨ | ਵੈਸਾਖੀ |
|---|---|
| 1753 | ੭ ਅਪ੍ਰੈਲ |
| 1799 | 10 ਅਪ੍ਰੈਲ |
| 1899 | 12 ਅਪ੍ਰੈਲ |
| 1999 | 14 ਅਪ੍ਰੈਲ |
| 2100 | 15 ਅਪ੍ਰੈਲ |

ਇਸ ਤਰ੍ਹਾਂ ਵੈਸਾਖੀ ਤਕਰੀਬਨ 1100 ਸਾਲ ਬਾਅਦ ਮਈ ਵਿਚ ਅਤੇ 13000 ਸਾਲ ਬਾਅਦ ਅਕਤੂਬਰ ਦੇ ਅੱਧ ਵਿਚ ਹੋਵੇਗੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਬਾਰਹਮਾਹਾ ਮਾਝ ਮਹਲਾ ੫, ਬਾਰਹਮਾਹਾ ਤੁਖਾਰੀ ਮ: ੧ ਅਤੇ ਰੁਤੀ ਸਲੋਕ ਬਾਣੀਆਂ ਵਿਚ ਜੋ ਮਹੀਨਿਆਂ ਦਾ ਸਬੰਧ ਮੌਸਮਾਂ ਨਾਲ ਦਿੱਤਾ ਹੈ.

ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ॥ (ਬਾਰਹਮਾਹਾ ੧੩੪, ਮਾਝ ਮ: ੫)
ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ। (ਬਾਰਹਮਾਹਾ ੧੩੫, ਮਾਝ ਮ: ੫)

- ਚੇਤੁ ਬਸੰਤੁ ਭਲਾ ਭਵਰ ਸੁਹਾਵੜੇ॥ ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੇ॥
- ਵੈਸਾਖੁ ਭਲਾ ਸਾਖਾ ਵੇਸ ਕਰੇ॥ (ਤੁਖਾਰੀ ਛੰਤ ਮ: ੧ ਬਾਰਹਮਾਹਾ ਪੰਨਾ ੧੧੦੮)
  ਧਨ ਦੇਖੈ ਹਰਿ ਦੁਆਰਿ ਆਵਹੁ ਦਇਆ ਕਰੇ॥

.......................................................

ਮਾਹੁ ਜੇਠੁ ਭਲਾ ਪ੍ਰੀਤਮੁ ਕਿਉ ਬਿਸਰੈ॥
ਥਲ ਤਾਪਹਿ ਸਰ ਭਾਰ ਸਾਧਨ ਬਿਨਉ ਕਰੈ॥

- ਆਸਾੜੁ ਭਲਾ ਸੂਰਜੁ ਗਗਨਿ ਤਪੈ॥
  ਧਰਤੀ ਦੂਖ ਸਹੈ ਸੋਖੈ ਅਗਨਿ ਭਖੈ॥
  ਅਗਨਿ ਰਸੁ ਸੋਖੈ ਮਰੀਐ ਧੋਖੈ ਭੀ ਸੋ ਕਿਰਤੁ ਨ ਹਾਰੇ।
  ਰਥੁ ਫਿਰੈ, ਛਾਇਆ ਧਨ ਤਾਕੈ, ਟੀਡੁਲਵੈ ਮੰਝਿ ਬਾਰੇ।
- ਭਾਦਉ ਭਰਮਿ ਭੁਲੀ, ਭਰਿ ਜੋਬਨਿ ਪਛੁਤਾਣੀ॥
  ਜਲ ਥਲ ਨੀਰਿ ਭਰੇ ਬਰਸ ਰੁਤੇ ਰੰਗੁ ਮਾਣੀ॥ (ਤੁਖਾਰੀ ਛੰਤ ਮ: ੧ ਪੰਨਾ ੧੧੦੮)

ਉਹ ਉਲਟ ਪੁਲਟ ਹੋ ਕੇ ਸ੍ਰਿਸ਼ਟੀ ਦੇ ਉਸ ਭੂ-ਖੰਡ, ਜਿਥੇ ਕਿ ਧੁਰ ਕੀ ਬਾਣੀ ਗੁਰੂ ਸਾਹਿਬਾਨ ਵਲੋਂ ਉਚਾਰੀ ਗਈ ਦੇ ਕੁਦਰਤੀ ਵਾਤਾਵਰਣ ਨਾਲ ਅਢੁਕਵੀਂ ਹੋ ਜਾਵੇਗੀ, ਅਰਥਾਂ ਦੇ ਅਨਰਥ ਪ੍ਰਤੀਤ ਹੋਣਗੇ।

ਚੰਦ੍ਰ ਸਾਲ ਅਧਾਰਿਤ ਬਿਕ੍ਰਮੀ ਸੰਮਤ ਅਨੁਸਾਰ ਬਾਰਾਂ ਮਹੀਨੇ ਪੂਰਨਮਾਸ਼ੀ ਤੋਂ ਪੂਰਨਮਾਸ਼ੀ ਤੱਕ ਜਾਂ ਮੱਸਿਆ ਤੋਂ ਮੱਸਿਆ ਤੱਕ ਹਨ; ਪੂਰਾ ਸਾਲ 354 ਦਿਨ ਦਾ ਹੋਣ ਕਰਕੇ ਗੁਰਪੁਰਬ ਅਗਲੇ ਸਾਲ ਸਾਂਝਾ ਸੂਰਜੀ ਕੈਲੰਡਰ (365 ਦਿਨ ਵਾਲਾ) ਮੁਤਾਬਿਕ 11 ਦਿਨ ਪਹਿਲਾਂ ਆ ਜਾਂਦੇ ਹਨ। ਤਰ ਤੀਜੇ ਜਾਂ ਚੌਥੇ ਚੰਦ੍ਰ ਸਾਲ ਦੇ 13 ਮਹੀਨੇ ਹੋਣ ਕਰਕੇ ਇਕ ਨਾਮ ਦੇ ਦੋ ਮਹੀਨੇ ਹੋ ਜਾਂਦੇ ਹਨ, ਵਾਧੂ ਮਹੀਨੇ ਨੂੰ ਮਲਮਾਸ ਜਾਂ ਗੰਦਾ ਮਹੀਨਾ ਕਿਹਾ ਜਾਂਦਾ ਹੈ ਅਤੇ ਇਸ ਵਿਚ ਕੋਈ ਦਿਨ ਦਿਹਾਰ ਗੁਰਪੁਰਬ ਨਹੀਂ ਮਨਾਇਆ ਜਾਂਦਾ। ਪਰ ਗੁਰਬਾਣੀ ਅਨੁਸਾਰ ਸਾਰੇ ਦਿਨ ਬਰਾਬਰਤਾ ਰੱਖਦੇ ਹਨ ਅਤੇ ਕਿਸੇ ਦਿਨ ਨੂੰ ਚੰਗਾ ਜਾਂ ਮਾੜਾ ਮੰਨਣਾ ਮਨਮਤਿ ਹੈ:


www.AKJ.Org

1. ਮਾਹ ਦਿਵਸ ਮੂਰਤ ਭਲੇ (ਮਾਝ ਮ: ੫-੧੩੬)
2. ਥਿਤੀ ਵਾਰ ਸੇਵਿਹ ਮੁਗਧ ਗਾਵਾਰ (ਬਿਲਾਵਲੁ ਮਹਲਾ ੩ ਵਾਰ ਸਤ ਘਰੁ ੧੦-੮੪੩)
3. ਮਾਹੁ ਪਖੁ ਕਿਹ ਚਾਲੇ-੯੫੫
4. ਥਿਤੀ ਵਾਰ ਸਭਿ ਆਵਹਿ ਜਾਹਿ-(੮੪੨)

ਇਸ ਤਰ੍ਹਾਂ ਅਸੀਂ ਮੌਜੂਦਾ ਬਿਕ੍ਰਮੀ ਸੰਮਤ ਅਨੁਸਾਰੀ ਹੋ ਕੇ ਮਨਮਤੀਏ ਬਿਪਰਨ ਦੀ ਰੀਤਿ ਦੇ ਧਾਰਨੀ ਬਣ ਰਹੇ ਹਾਂ। ਇਥੇ ਇਹ ਕਹਿਣਾ ਵੀ ਤਰਕਸੰਗਤ ਹੋਵੇਗਾ ਕਿ ਜਿਵੇਂ ਅਸਾਂ ਨੇ ਨਾਪ-ਮਾਪ-ਤੋਲ ਦੇ ਹੋਰ ਪੈਮਾਨਿਆਂ (Measuring units) ਵਿਚ ਬੇਹਤਰ-ਸਰਲ-ਗਣਨਾ ਲਈ ਮਣਾਂ-ਸੇਰਾਂ-ਛਟਾਕਾਂ ਦੀ ਥਾਂ ਕਿਲੋਗ੍ਰਾਮ-ਗ੍ਰਾਮ, ਮਿਲੀ ਗ੍ਰਾਮ, ਲਿਟਰ-ਮਿਲੀਲੀਟਰ, ਅਠਾਨੀਆਂ-ਚਵਾਨੀਆਂ-ਦੁਆਨੀਆਂ-ਟਕਿਆ ਦੀ ਥਾਂ ਸਿੱਧੀ ਰੁਪਏ-ਪੈਸਿਆਂ ਦੀ ਗਿਣਤੀ ਨੂੰ ਨਵੀਂ ਦਸ਼ਮਲਵ ਪ੍ਰਣਾਲੀ ਅਧੀਨ ਬਿਨਾਂ ਮਸਲਾਂ ਉਲਝਾਇਆ, ਬਿਨਾਂ ਕਿਸੇ ਫਜ਼ੂਲ ਵਾਦ-ਵਿਵਾਦ ਵਿਚ ਪਿਆ ਸੌਖਿਆਂ ਹੀ ਅਪਣਾ ਲਿਆ ਹੈ, ਉਸੇ ਤਰ੍ਹਾਂ ਸਮਾਂ-ਵੰਡ ਦੇ ਆਧੁਨਿਕ-ਵਧੇਰੇ-ਸਹੀ ਤੇ ਸੌਖਿਆਂ ਯਾਦ ਰੱਖੇ ਜਾ ਸਕਣ ਵਾਲੇ ਕੈਲੰਡਰ ਨੂੰ ਪ੍ਰਵਾਨ ਕਰ ਲੈਣਾ ਚਾਹੀਦਾ ਹੈ। ਜੇ ਅਜਿਹਾ ਨਹੀਂ ਕੀਤਾ ਜਾਂਦਾ ਤਾਂ ਅਸੀਂ ਦੂਜੀਆਂ ਕੌਮਾਂ ਨਸਲਾਂ ਦੇ ਮੁਕਾਬਲੇ ਬਹੁਤ ਪਿਛਾਕੜ ਰਹਿ ਜਾਵਾਗੇਂ, ਕਿਉਂਕਿ ਕੰਪਿਊਟਰ ਇੰਟਰਨੈਟ ਵੈਬ-ਸਾਇਟ ਦੇ ਤੇਜ਼ ਰਫ਼ਤਾਰ-ਪ੍ਰਗਤੀ ਯੁੱਗ ਨੇ ਸਾਂਝਾ-ਸੂਰਜੀ ਮੌਸਮ ਅਧਾਰਿਤ ਕੈਲੰਡਰ ਨੂੰ ਹੀ ਅੰਤਰ ਰਾਸ਼ਟਰੀ ਪੱਧਰ ਉਪਰ ਇਨ੍ਹਾਂ ਉਪਕਰਣਾਂ ਵਿਚ ਸਥਾਪਿਤ ਕੀਤਾ ਹੈ ਅਤੇ ਸਾਰੇ ਵਿਸ਼ਵ ਦੀ ਗਣਿਤ ਇਸ ਈਸਵੀ-ਸੰਨ ਉਪਰ ਹੀ ਅਧਾਰਿਤ ਹੈ ਜਿਵੇਂ ਪਿਛੇਲੇ ਨਵਾਂ ਵਰ੍ਹਾਂ ਸ਼ੁਰੂ ਹੋਣ ਸਮੇਂ (Y2k correction) ਦੀ ਚਿੰਤਾ ਸਾਰੇ ਅਖਬਾਰਾਂ ਰਸਾਲਿਆਂ ਵਿਚ ਆਪਨੇ ਵਿਸਥਾਰ ਸਹਿਤ ਪੜ੍ਹੀ ਹੈ।

ਉਪਰੋਕਤ ਦੇ ਦ੍ਰਿਸ਼ਟੀਗੋਚਰ ਸਿੱਖ ਨਾਨਕਸ਼ਾਹੀ ਜਾਂ ਖਾਲਸਾ ਕੈਲੰਡਰ ਨਵੀਨ ਨਿਯਮਾਂ ਅਨੁਸਾਰ ਸੂਰਜੀ-ਮੌਸਮੀ-ਸਾਲ ਅਧਾਰਿਤ ਕੀਤਾ ਜਾਣਾ ਅਤੇ ਲੋੜੀਂਦੀਆਂ ਪੰਥ ਪ੍ਰਵਾਨਿਤ ਸੋਧਾਂ ਸਮੇਤ ਜਲਦੀ ਤੋਂ ਜਲਦੀ ਪ੍ਰਚਲਿਤ ਕੀਤਾ ਜਾਣਾ, ਸਮੇਂ ਦੀ ਸਹੀ ਜ਼ਰੂਰਤ ਹੈ। ਵਿਸ਼ਵ ਪੱਧਰ ਤੇ ਕੌਮੀ ਪਹਿਚਾਣ ਨੂੰ ਦਰਸਾਉਣ ਲਈ ਗੁਰਪੁਰਬ ਅਤੇ ਕੌਮੀ ਦਿਨ-ਦਿਹਾਰ ਨਿਸ਼ਚਿਤ ਤਰੀਕਾਂ ਉਪਰ, ਗੁਰਬਾਣੀ ਅਤੇ ਸਿੱਖ ਵਿਚਾਰਧਾਰਾ ਦੇ ਅਨੁਕੂਲ ਮਨਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨਵੇਂ ਨਾਨਕਸ਼ਾਹੀ ਕੈਲੰਡਰ ਵਿਚ ਵਿਵਾਦ-ਗ੍ਰਸਤ ਤਕਨੀਕੀ ਤਰੁੱਟੀਆਂ ਦੀ ਤੁਰੰਤ ਸੁਧਾਈ ਕਰਵਾਕੇ ਚਿਰ ਲੰਬਿਤ ਪਏ ਇਸ ਖਾਲਸਈ ਜਾਹੁ ਜਲਾਲ ਦੇ ਪ੍ਰਤੀਕ ਕਾਰਜ ਨੂੰ ਬਿਨਾਂ ਹੋਰ ਬੇਲੋੜੀ ਦੇਰੀ ਕੀਤਿਆਂ, ਸੰਪੂਰਨਤਾ ਤੇ ਪਹੁੰਚਾਵੇ। ਇਸ ਤਰ੍ਹਾਂ ਪੰਥ ਦੀਆਂ ਪ੍ਰਵਾਨਿਤ ਸੰਸਥਾਵਾਂ ਦੀ ਪ੍ਰਤਿਸ਼ਟਾ ਤੇ ਪ੍ਰਮਾਨਿਕਤਾ ਉਚੇਰੀ ਹੋਵੇਗੀ।

---

## ਸ਼ਹਾਦਤ ਗੁਰੂ ਅਰਜਨ ਦੇਵ ਜੀ

(ਸੰਤਾ ਸਿੰਘ ਆਜਿਜ਼)

ਗੁਰੂ ਅਰਜਨ ਜਗ ਤਾਰਨ ਆਏ।
ਧਰਮ ਹੇਤ ਤਨ ਵਾਰਨ ਆਏ। ਗੁਰੂ ਅਰਜਨ ......
ਜਦ ਧਰਮਾਂ ਦੀ ਹੋ ਗਈ ਹਾਨੀ
ਰੁੱਲ ਗਈ ਵੈਦਕ ਰੀਤ ਪੁਰਾਣੀ
ਕਰਦੇ ਸਨ ਜਾਲਿਮ ਮਨ ਮਾਨੀ।
ਦੁਖੀ ਭਾਰਤੀ ਜਦ ਕੁਰਲਾਏ। ਗੁਰੂ ਅਰਜਨ ......
ਸੁਣ ਦੁਖੀਆਂ ਹਾਲ ਪੁਕਾਰਾਂ
ਦਿਆਲ ਪ੍ਰਭੂ ਨੇ ਲੀਤਿਆਂ ਸਾਰਾਂ
ਭੇਜੀਆਂ ਫਿਰ ਸੱਚੀਆਂ ਸਰਕਾਰਾਂ
ਦੀਨ ਦੁਖੀ ਗੁਰਾਂ ਗਲੇ ਲਗਾਏ। ਗੁਰੂ ਅਰਜਨ ...

ਹਿੰਦੀਆਂ ਵਿਚਲੀ ਬੇਇਤਫ਼ਾਕੀ
ਕਰ ਗਈ ਕੌਮ ਦੀ ਟਾਕੀ ਟਾਕੀ
ਰੁੜੀ ਅਣਖ ਕੁਝ ਰਹਿਆ ਨ ਬਾਕੀ
ਬੇਇਤਫ਼ਾਕੀ ਨੇ ਮਰਵਾਏ। ਗੁਰੂ ਅਰਜਨ ....
ਤੱਤੀਆਂ ਲੋਹਾਂ ਉਪਰ ਸੜਕੇ
ਉਬਲਦੀਆਂ ਦੇਗਾਂ ਦੇ ਵਿਚ ਕੜ ਕੇ
ਸਬਰ ਸ਼ੁਕਰ ਦੀਆਂ ਢਾਲਾਂ ਫੜ ਕੇ।
ਲੜ, ਜ਼ਾਲਿਮ ਦੇ ਕੋਟ ਗਿਰਾਏ।। ਗੁਰੂ ਅਰਜਨ ..



www.AKJ.Org

# ਗੁਰੂ ਨਾਨਕ ਮਾਰਗ ਦੀ ਖਾਸ ਵਿਸ਼ੇਸ਼ਤਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ਼ ਭਗਤ ਬਾਣੀ ਸੰਬੰਧੀ ਵੀਚਾਰ

(ਮਨਮੋਹਨ ਸਿੰਘ ਕੈਲੀਫੋਰਨੀਆ, ਯੂ. ਐਸ. ਏ.)

(ਲੜੀ ਜੋੜਨ ਲਈ ਮਈ ਅੰਕ ਦੇਖੋ)

## ਪੁਰਾਤਨ ਇਤਿਹਾਸਕਾਰਾਂ ਦੇ ਵਿਚਾਰ

ਪੁਰਾਤਨ ਇਤਿਹਾਸਿਕ ਗ੍ਰੰਥਾਂ ਅਨੁਸਾਰ ਜਦੋਂ ਸ੍ਰੀ ਗੁਰੂ ਅਰਜਨ ਦੇਵ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਦਾ ਸੰਪਾਦਨ ਕਰ ਰਹੇ ਸਨ ਤਾਂ ਉਦੋਂ ਹੀ ਇਹ ਸਾਰੇ ਭਗਤ ਆਪਣੇ ਸੂਖ਼ਸ਼ਮ ਸਰੀਰਾਂ ਵਿਚ ਗੁਰੂ ਸਾਹਿਬ ਪਾਸ ਆਏ ਤੇ ਸਤਿਨਾਮ ਦੀ ਪ੍ਰਾਪਤੀ ਕਰਕੇ ਸੱਚਖੰਡ ਵਾਸੀ ਬਣੇ। ਫਿਰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਮੇਹਰ ਸਦਕਾ ਉਨ੍ਹਾਂ ਨੇਂ ਬਾਣੀ ਰਚੀ ਤੇ ਭਾਈ ਗੁਰਦਾਸ ਜੀ ਨੇ ਲਿਖੀ। ਪੰਥ ਪ੍ਰਸਿਧ ਕਵਿ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਲਿਖਤ "ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ" (ਸੰਪਾਦਿਕ ਭਾਈ ਸਾਹਿਬ ਭਾਈ ਵੀਰ ਸਿੰਘ ਜੀ) ਵਿਚ ਇਸ ਸੰਬੰਧੀ ਇਸ ਤਰ੍ਹਾਂ ਦਰਜ ਹੈ :

ਜੰਨ ਸੱਤਿ ਨਾਮੰ ਕ੍ਰਿਪਾਠਾਨਿ ਦੀਨੰ। ਦੁਊ ਲੋਕ ਕੋ ਤ੍ਰਾਸ ਕੀਨੰ ਸੁ ਹੀਨੰ।
ਲਖੈ ਨਾਂਹਿ ਤਾਕੋ ਭ੍ਰਮੰਧਾਰਿ ਮੂਢਾ। ਮਹਾਂ ਸੂਖਮੰ ਰੂਪ ਗ੍ਯਾਨ ਗੂਢਾ।੪੦
ਸਦਾ ਜੈ, ਸਦਾ ਜੈ, ਸਦਾ ਜੈ, ਅਨੰਦੋ। ਨਮਸਤੰ, ਨਮਸਤੰ, ਨਮਸਤੰ, ਬਿਲੰਦੋ।
ਸੁਧਾ ਬਾਕ ਬਕਤ੍ਰੰ ਸੁ ਚੰਦੈ ਮਨਿੰਦੋ। ਰਿਦੈ ਨਾਮ ਬਾਸੈ ਬਰੰ ਦੈ ਗੁਬਿੰਦੋ।(ਪੰਨਾ ੨੦੮੭)

ਭਾਵ : ਭਗਤਾਂ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਬੇਨਤੀ ਕੀਤੀ ਕਿ ਤੁਸੀਂ ਸਤਿਨਾਮ ਦੇ ਦਾਤੇ ਹੋ, ਸੋ ਸਾਨੂੰ ਭੀ ਨਾਮ ਦਾ ਵਰ ਬਖਸ਼ੋ। ਫਿਰ ਭਗਤਾਂ ਦੇ ਇਹ ਬੇਨਤੀ ਕਰਨ ਤੇ ਕਿ ਉਨ੍ਹਾਂ ਦੀ ਰਚਨਾ ਵੀ ਨਵੇਂ ਤਿਆਰ ਹੋ ਰਹੇ ਗ੍ਰੰਥ ਸਾਹਿਬ ਵਿਚ ਚੜ੍ਹਾਈ ਜਾਏ, ਸ੍ਰੀ ਗੁਰੂ ਜੀ ਨੇ ਇੰਞ ਫੁਰਮਾਇਆ :

ਸ੍ਰੀ ਅਰਜਨ ਸੁਨਿ ਭਗਤਨ ਬਿਨਤੀ। ਹੇਤੁ ਲਿਖਾਵਨਿ ਕੀਨਸਿ ਗਿਨਤੀ।
ਸਭਿਹਿਨ ਸੋਂ ਸ੍ਰੀ ਗੁਰ ਫੁਰਮਾਇਯੋ। "ਪ੍ਰਥਮ ਜੁ ਤੁਮ ਨੇ ਕਛੂ ਬਨਾਯੋ।੫੨।
ਸੋ ਨ ਚਢਾਵਹਿ ਗ੍ਰੰਥ ਮਝਾਰੀ। ਰਚਹੁ ਅਬਹਿ ਇਸਕੇ ਅਨੁਸਾਰੀ।
ਜਥਾ ਕ੍ਰੱਮ ਬਾਨੀ ਸੁ ਬਨਾਓ। ਪ੍ਰਥਕ ਪ੍ਰਥਕ ਬਿਚ ਰਾਗ ਲਿਖਾਓ"।੫੩।
ਸੁਨਿ ਹਰਖੇ ਸਭਿ ਭਗਤ ਬਿਸਾਲਾ। ਧੰਨ ਧੰਨ ਉਚਰਹਿ ਤਿਸ ਕਾਲਾ।
ਲਗੇ ਬਨਾਵਨਿ ਗਿਰਾ ਨਵੀਨਾ ਬੈਠ ਸਮੀਪੀ ਗੁਰੂ ਪ੍ਰਬੀਨ।

ਇਸ ਲਿਖਤ ਅਨੁਸਾਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਗਤਾਂ ਨੂੰ ਸਪਸ਼ਟ ਫੁਰਮਾਇਆ ਕਿ ਤੁਹਾਡੀ ਪਹਿਲੀ ਰਚੀ ਹੋਈ ਰਚਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਚਾੜ੍ਹੀ ਜਾ ਸਕਦੀ, ਸੋ ਤੁਸੀਂ ਹੁਣ ਵਾਰੀ ਵਾਰੀ ਆਪਣੀ ਰਚਨਾ ਰਚੋ।

ਇਸ ਸੰਬੰਧੀ ਭਾਈ ਵੀਰ ਸਿੰਘ ਜੀ ਨੇ ਆਪਣੇ ਫੁਟ ਨੋਟ ਵਿਚ ਇਸ ਤਰ੍ਹਾਂ ਲਿਖਿਆ ਹੈ:

"ਭਗਤਾਂ ਦਾ ਇਹ ਪ੍ਰਸੰਗ ਕਿ ਉਹ ਆਪ ਸਤਿਗੁਰਾਂ ਦੇ ਪਾਸ ਆਏ, ਅਨਹੋਣੀ ਬਾਤ ਨਹੀਂ। ਧਰਮ ਦੀ ਨੀਂਹ 'ਨਾ ਦਿਸਣ ਵਾਲੇ ਜਗਤ' ਪਰ ਵਿਸ਼ਵਾਸ ਤੇ ਇਸ ਅੰਮੰਨੇ ਪਰ ਹੈ ਕਿ ਮਰਣ ਦੇ ਬਾਦ ਪ੍ਰਾਣੀ ਦੀ ਜੀਵ ਕਲਾ ਦੀ ਮ੍ਰਿਤੂ ਨਹੀਂ ਹੋ ਜਾਂਦੀ, ਸਰੀਰ ਦੇ ਮਰ ਜਾਣ ਬਾਦ ਰੂਹ ਜਾਂ ਭੌਰ ਜੀਉ ਜੀਉਂਦਾ ਹੈ। ਆਤਮਕ ਅਰੂੜ ਅਵਸਥਾ ਦੇ ਲੋਕ ਆਪਣੇ ਮਨ ਦੀ ਉੱਚਤਾਈ ਵਿਚ, ਨਾ ਦਿੱਸਣ ਵਾਲੇ ਜਗਤ ਦੇ ਲੋਕਾਂ ਨਾਲ ਸੰਬੰਧ, ਮੇਲ ਜੋਲ ਰਖਦੇ ਹਨ।"

ਇਸੇ ਪੱਖ ਦੀ ਪ੍ਰੋੜ੍ਹਤਾ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਇਸ ਤਰ੍ਹਾਂ ਕਰਦੇ ਹਨ :

"ਸੋ ਗੁਰੂ ਕੀ ਬਾਣੀ ਹੀ ਸਚੀ ਬਾਣੀ, ਬਾਣੀਆਂ ਸਿਰ ਬਾਣੀ ਹੈ ਤੇ ਬਾਕੀ ਹੋਰ ਬਾਣੀ ਚਾਹੇ ਕਿਸੇ ਭਗਤ ਦੀ ਉਚਾਰਨ ਕੀਤੀ ਹੋਈ ਹੈ, ਚਾਹੇ ਕਿਸੇ ਬ੍ਰਹਮ ਬੇਤੇ ਗਿਆਨ-ਅਵਤਾਰੀ ਦੀ ਹੈ, ਉਹ ਸਭ "ਸਤਿਗੁਰੂ



www.AKJ.Org

ਬਿਨਾ ਹੋਰ ਕਚੀ ਹੈ ਬਾਣੀ॥ ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ'' ਦੇ ਮਹਾਵਾਕ ਅਨੁਸਾਰ ਕੱਚੀ ਬਾਣੀ ਹੈ। ਕੱਚੀ ਬਾਣੀ ਸਮਝਕੇ ਹੀ ਕਾਹਨੇ ਆਦਿ ਭਗਤਾਂ ਦੀਆ ਉਚਾਰਨ ਕੀਤੀਆਂ ਬਾਣੀਆਂ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ ਚੜ੍ਹਾਈਆਂ। ਇਹ ਕਾਹਨੇ ਆਦਿ ਭਗਤ ਇਸ ਖਿਆਲ ਨਾਲ ਆਏ ਸਨ ਕਿ ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੋਰ ਭਗਤਾਂ ਦੀਆ ਬਾਣੀਆਂ ਗੁਰੂ ਸਾਹਿਬ ਨੇ ਚੜ੍ਹਾਈਆਂ ਹਨ, ਇਸ ਤਰਾਂ ਸਾਡੀਆਂ ਭੀ ਚੜ੍ਹ ਜਾਣਗੀਆਂ। ਉਹ ਆਪਣੇ ਜਾਣੇ ਇਹ ਸਮਝ ਕੇ ਆਏ ਸਨ ਕਿ ਗੁਰੂ ਸਾਹਿਬ ਨੇ ਭਗਤਾਂ ਦੀ ਭਗਤ-ਭੂਤਕੀ-ਜਾਮੇ ਵਿਚ ਜਨਮ ਧਾਰ ਕੇ ਉਚਾਰੀ ਹੋਈ ਬਾਣੀ ਹੀ ਗੁਰੂ ਗ੍ਰੰਥ ਸਾਹਿਬ ਵਿਚ ਚੜ੍ਹਾਈ ਹੈ। ਉਹਨਾਂ ਨੂੰ ਇਹ ਪਤਾ ਨਹੀਂ ਕਿ ਗੁਰੂ ਸਾਹਿਬ ਨੇ ਗੁਰੂ-ਅਕਲ-ਕਲਾ-ਕ੍ਰਿਸ਼ਮੀ-ਤੇਜ-ਪਰਤਾਪ ਉਦੋਤ ਕਰਿ, ਹੁਕਮ ਧੁਰੰਧਰੀ ਚਲਤ ਵਰਤਾ ਕੇ ਦਿਬਯ ਜੋਤੀ ਭਗਤਾਂ ਦੀਆਂ ਰੂਹਾ ਨੂੰ ਉਨ੍ਹਾਂ ਦੀ ਹੁਬ ਅਨੁਸਾਰ ਕਰਮ ਖੰਡ ਵਿਚੋਂ ਉਤਰਵਾਇ ਕੇ ਸ਼ਬਦ-ਗੁਰ-ਸੱਤਾ ਦੇ ਕੇ ਪਰਤੱਖ ਸਾਕਾਰੀ ਦਿੱਬਯ ਸਰੂਪ ਵਿਚ ਸਾਵਧਾਨ ਕੀਤਾ, ਅਤੇ ਕਰਮ ਖੰਡ ਤੋਂ ਸਚਖੰਡ ਦੇ ਵਾਸੀ ਕਰਾ ਨਿਰੰਕਾਰੀ ਸਮੀਪਤਾ ਦਾ ਭਾਗੀ ਬਣਾਇਆ ਅਤੇ ਨਿਰੰਕਾਰੀ ਹੁਕਮ ਅੰਦਰ ਗੁਰ-ਪਾਰਸ-ਕ੍ਰਿਸ਼ਮੀ-ਪ੍ਰਭਾਵ ਕਰ 'ਬੋਲਾਇਆ ਬੋਲੀ ਤੇਰਾ' ਗੁਰਵਾਕ ਦੇ ਭਾਵ ਅਨੁਸਾਰ ਬੋਲਣ ਦਾ ਅਧਿਕਾਰੀ ਬਣਾਇਆ।

ਹਾਂ ਜੀ । ਇਉਂ ਧੁਰ ਖਸਮ ਰਜ਼ਾ ਦੁਆਰਾ ਗੁਰੂ ਗ੍ਰੰਥ ਸਾਹਿਬ ਵਿਚ ਵਿਦਮਾਨ ਤੇ ਸੁਸ਼ੋਭਤ ਹੋਈ ਭਗਤ ਬਾਣੀ ਆਈ। ਲਿਖਤ ਉਤਾਰਿਆਂ ਕਰਿ ਦਰਜ ਨਹੀਂ ਹੋਈ। ਹੁਕਮ ਏਜ਼ਦੀ ਗੁਰ-ਨਦਰ-ਕਟਾਕਸ਼ੀ-ਭਾਣਿਆ ਅੰਦਰ ਹੀ ਧੁਰੋਂ ਉਤਰੀ।'' (ਗੁਰਮਤਿ ਲੇਖ-ਪੰਨਾ ੫੩-੫੪)

ਇਸ ਤੋਂ ਉਪ੍ਰੰਤ ਸੀ ਗੁਰੂ ਅਰਜਨ ਦੇਵ ਜੀ ਦਾ ਇਕ ਸ਼ਬਦ ਇਹ ਪ੍ਰਗਟ ਕਰਦਾ ਹੈ ਕਿ ਉਨ੍ਹਾਂ ਨੇ ਇਹ ਸ਼ਬਦ ਭਗਤ ਕਬੀਰ ਦੇ ਸਨਮੁਖ ਬੈਠਿਆਂ ਉਨ੍ਹਾਂ ਨੂੰ ਮੁਖਾਤਿਬ ਕਰਕੇ ਲਿਖਿਆ ਹੈ। ਇਹ ਤਾਂ ਹੀ ਸੰਭਵ ਹੈ ਜੇਕਰ ਕਬੀਰ ਜੀ ਸਚਮੁਚ ਆਪਣੇ ਸੂਖਸ਼ਮ ਸਰੀਰ ਵਿਚ ਗੁਰੂ ਸਾਹਿਬ ਦੇ ਕੋਲ ਬੈਠੇ ਹੋਣ। ਸ਼ਬਦ ਇਹ ਹੈ:

ਭੈਰਉ ਮਹਲਾ ੫
ਵਰਤ ਨ ਰਹਉ ਨ ਮਹ ਰਮਦਾਨਾ॥ ਤਿਸ ਸੇਵੀ ਜੋ ਰਖੈ ਨਿਦਾਨਾ॥੧॥
ਏਕੁ ਗੁਸਾਈ ਅਲਹੁ ਮੇਰਾ॥ ਹਿੰਦੂ ਤੁਰਕ ਦੁਹਾਂ ਨੇਬੇਰਾ॥੧॥ ਰਹਾਉ॥

..................................................

ਨਾ ਹਮ ਹਿੰਦੂ ਨ ਮੁਸਲਮਾਨ ॥ ਅਲਹ ਰਾਮ ਕੇ ਪਿੰਡ ਪਰਾਨ॥੪॥
ਕਹੁ ਕਬੀਰ ਇਹੁ ਕੀਆ ਵਖਾਨਾ॥ ਗੁਰ ਪੀਰ ਮਿਲਿ ਖੁਦਿ ਖਸਮ ਪਛਾਨਾ॥੫॥੩॥(ਪੰ: ੧੧੩੬)

ਭੈਰਉ ਮਹਲਾ ੫ ਦੇ ਸਿਰਲੇਖ ਤੋਂ ਸਾਫ਼ ਸਪਸ਼ਟ ਹੈ ਕਿ ਇਹ ਸ਼ਬਦ ਗੁਰੂ ਅਰਜਨ ਦੇਵ ਜੀ ਰਚਿਤ ਹੈ। ਪਰ ਇਸ ਸਾਰੇ ਸ਼ਬਦ ਵਿਚ ''ਨਾਨਕ'' ਅਖਰ ਨਹੀਂ ਆਇਆ। ਇਸ ਦੇ ਉਲਟ ਅਖੀਰਲੀ ਤੁਕੀ ਵਿਚ ''ਕਹੁ ਕਬੀਰ'' ਅਖਰ ਇਸ ਗਲ ਨੂੰ ਸਪਸ਼ਟਾਉਂਦਾ ਹੈ ਕਿ ਗੁਰੂ ਸਾਹਿਬ ਕਬੀਰ ਜੀ ਨੂੰ ਸਨਮੁਖ ਹੋ ਕੇ ਦ੍ਰਿੜ੍ਹ ਕਰਾ ਰਹੇਂ ਹਨ ਕਿ ਹੇ ਕਬੀਰ ! ਇਸ ਸ਼ਬਦ ਵਿਚ ਬਿਆਨ ਜਾਂ ਵਰਨਨ ਕੀਤੀ ਸਚਾਈ ਦੀ ਸੋਝੀ ਜਾਂ ਪਛਾਣ ਆਪਣੇ ਆਦਿ ''ਗੁਰ ਪੀਰ'' ਭਾਵ ਗੁਰੂ ਨਾਨਕ ਦੇਵ ਜੀ ਨੂੰ ਮਿਲਕੇ ਹੀ ਸਾਨੂੰ ਪ੍ਰਾਪਤ ਹੋਈ ਹੈ।

ਇਸ ਲਈ ਇਸ ਵਿਚਾਰ ਦ੍ਰਿਸ਼ਟੀ ਨੂੰ ਵੀ ਅਖੋਂ ਉਹਲੇ ਨਹੀਂ ਕੀਤਾ ਜਾ ਸਕਦਾ।

ਇਸ ਦੇ ਵਿਚ ਤਾਂ ਕੋਈ ਸ਼ੱਕ ਹੀ ਨਹੀਂ ਤੇ ਨਾਂ ਕਿਸੇ ਸ਼ੰਕੇ ਦੀ ਗੁੰਜਾਇਸ਼ ਹੈ ਕਿ ਇਹ ਸਭ ਰਚਨਾਵਾਂ ਧੁਰ ਕੀ ਬਾਣੀ ਤਾਂ ਹਨ ਹੀ ਕਿਉਂਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਖ਼ੁੱਦ ਇਨ੍ਹਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕਰਕੇ ਸੰਪੂਹ ਗ੍ਰੰਥ ਨੂੰ ''ਪਰਮੇਸਰ ਕਾ ਥਾਨ'' ਦੀ ਪਾਵਨ ਅਟੱਲ ਪਦਵੀ ਦਿਤੀ ਹੈ ਤੇ ਇਸ ਤੇ ਪੱਕੀ ਮੋਹਰ ਲਾ ਦਿਤੀ ਹੈ। ਇਸ ਸੰਬੰਧੀ ਇਕ ਹੋਰ ਵੀ ਸੰਕੇਤ ਗੁਰਬਾਣੀ ਵਿਚ ਮਿਲਦਾ ਹੈ:



www.AKJ.Org

ਨਾਮਾ ਛੀਬਾ ਕਬੀਰੁ ਜੋੁਲਾਹਾ ਪੂਰੇ ਗੁਰ ਤੇ ਗਤਿ ਪਾਈ॥
ਬ੍ਰਹਮ ਕੇ ਬੇਤੇ ਸਬਦੁ ਪਛਾਣਹਿ ਹਉਮੈ ਜਾਤਿ ਗਵਾਈ॥
ਸੁਰਿਨਰ ਤਿਨ ਕੀ ਬਾਣੀ ਗਾਵਹਿ ਕੋਇ ਨ ਮੇਟੈ ਭਾਈ॥੩॥ (ਪੰਨਾ ੬੭)

ਭਾਵ: ਨਾਮਾ, ਕਬੀਰ (ਆਦਿ ਸੰਮੂਹ ਭਗਤਾਂ) ਨੇ (ਜਿਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ) ਪੂਰੇ ਗੁਰੂ ("ਨਾਨਕ ਗੁਰੂ ਗੁਰੂ ਹੈ ਪੂਰਾ") ਤੋਂ ਬਖਸ਼ਿਸ਼ ਲੈ ਕੇ ਪਰਮਗਤੀ ਪ੍ਰਾਪਤ ਕੀਤੀ। ਉਨ੍ਹਾਂ ਨੇ ਸਤਿਨਾਮ ਰੂਪੀ ਸ਼ਬਦ ਨੂੰ ਜਾਣ ਕੇ ਹਉਮੈ ਦਾ ਪ੍ਰਹਾਰ ਕੀਤਾ ਤੇ ਬ੍ਰਹਮ ਅਕਾਲ ਪੁਰਖ ਨੂੰ ਜਾਣਿਆ। ਹੁਣ ਸਭ ਮਨੁਖ ਤੇ ਦੇਵਤੇ ਇਨ੍ਹਾਂ ਦੀ ਬਾਣੀ ਨੂੰ ਗਾ ਰਹੇ ਹਨ ਤੇ ਇਸ ਨੂੰ ਕੋਈ ਮੇਟ ਨਹੀਂ ਸਕਦਾ।

ਇਸ ਸੰਬੰਧੀ ਇਕ ਹੋਰ ਗੱਲ ਵੀ ਵਿਚਾਰਯੋਗ ਹੈ। ਪੰਥ ਪ੍ਰਸਿਧ ਸੰਮੂਹ ਵਿਦਵਾਨ ਇਸ ਗੱਲ ਤੇ ਸਹਿਮਤ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਮੂਹ ਬਾਣੀ, ਸਮੇਤ ਭਗਤਾਂ, ਭੱਟਾਂ ਆਦਿ ਦੀਆਂ ਰਚਨਾਵਾਂ ਦੇ, ਇਕ ਵਿਲੱਖਣ ਵਿਆਕਰਣ ਅਨੁਸਾਰ ਲਿਖੀ ਗਈ ਹੈ। ਲਗਾ ਮਾਤ੍ਰਾਂ ਦੇ ਥੋੜੇ ਜਿਹੇ ਅੰਤਰ ਨਾਲ ਉਸ ਅੱਖਰ ਜਾਂ ਸ਼ਬਦ ਦਾ ਅਰਥ-ਭਾਵ ਹੀ ਬਦਲ ਜਾਂਦਾ ਹੈ। ਇਸ ਲਈ ਇਸ ਨੁਕਤੇ ਤੋਂ ਵੀ ਇਹ ਸਪਸ਼ਟ ਹੋ ਜਾਂਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਮੂਹ ਬਾਣੀ ਨਵੀਨ ਤੇ ਵਿਲੱਖਣ ਗੁਰਬਾਣੀ ਵਿਆਕਰਣ ਦੇ ਅਧਾਰ ਤੇ ਲਿਖੀ ਗਈ ਹੈ ਤੇ ਇਸ ਵਿਆਕਰਣ ਦੇ ਮੋਢੀ ਸ੍ਰੀ ਗੁਰੂ ਨਾਨਕ ਦੇਵ ਜੀ ਆਪ ਸਨ। ਸੋ ਜੇ ਕਰ ਭਗਤ ਬਾਣੀ ਦੀ ਰਚਨਾ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਹਿਲਾਂ ਦੀ ਰਚੀ ਹੋਈ ਹੁੰਦੀ ਤਾਂ ਉਹ ਇਸ ਵਿਆਕਰਣ ਅਸੂਲਾਂ ਅਨੁਸਾਰ ਨਹੀਂ ਸੀ ਰਚੀ ਜਾ ਸਕਦੀ। ਅਤੇ ਜੇਕਰ ਭਗਤ ਜਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਵੀ ਹੋਣ ਤਾਂ ਵੀ ਗੁਰੂ ਨਾਨਕ ਦੇਵ ਜੀ ਨਾਲ ਸੰਪਰਕ ਹੋਏ ਬਿਨਾਂ ਉਹ ਆਪਣੀ ਰਚਨਾ ਗੁਰਮਤਿ ਵਿਆਕਰਣ ਅਨੁਸਾਰ ਨਹੀਂ ਸੀ ਰਚ ਸਕਦੇ।

ਉਪਰ ਲਿਖੀ ਸਾਰੀ ਵਿਚਾਰ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਈ ਸੰਮੂਹ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮੇਹਰ ਸਦਕਾ ਭਗਤਾਂ ਨੇ ਉਚਾਰੀ। ਜਾਂ ਤਾਂ ਉਹ ਭਗਤ ਜਨ ਸਤਿਗੁਰੂ ਸਚੇ ਪਾਤਸ਼ਾਹ ਦੇ ਸਮਕਾਲੀ ਸਨ ਤੇ ਉਨ੍ਹਾਂ ਨੇ ਆਪਣੇ ਇਸ ਧਰਤੀ ਦੇ ਜੀਵਨ ਕਾਲ ਵਿਚ ਹੀ ਸਤਿਗੁਰੂ ਪਾਸੋਂ ਅਸੀਸ ਪ੍ਰਾਪਤ ਕਰਕੇ ਲਿਖੀ, ਜਾਂ ਉਨ੍ਹਾਂ ਨੇ ਆਪਣੇ ਸੂਖਸ਼ਮ ਸਰੀਰਾਂ ਵਿਚ ਆ ਕੇ ਸਤਿਗੁਰੂ ਜੀ ਦੀ ਮਿਹਰਾਮਤ ਪ੍ਰਾਪਤ ਕਰਕੇ ਰਚੀ।

## ਭਗਤ ਬਾਣੀ ਸੰਬੰਧੀ ਇਕ ਹੋਰ ਸ਼ੰਕਾ

ਭਗਤ ਬਾਣੀ ਦੇ ਸਤਿਗੁਰੂ ਮਿਹਰਾਮਤ ਸਦਕਾ ਰਚੇ ਜਾਣ ਸੰਬੰਧੀ ਕੁਝ ਕੁ ਵਿਦਵਾਨਾਂ ਨੇ ਇਕ ਇਹ ਸ਼ੰਕਾ ਪ੍ਰਗਟ ਕੀਤਾ ਹੈ ਕਿ ਜੇਕਰ ਸੱਚਮੁੱਚ ਹੀ ਇਹ ਗਲ ਠੀਕ ਹੈ ਤਾਂ ਭਗਤਾਂ ਦੀ ਬਾਣੀ ਵਿਚ ਕਈ ਥਾਵਾਂ ਤੇ ਵਾਕ ਗੁਰੂ ਆਸ਼ੇ ਦੇ ਉਲਟ ਹਨ ਤੇ ਉਨ੍ਹਾਂ ਸੰਬੰਧੀ ਗੁਰਮਤਿ ਆਸ਼ਾ ਪ੍ਰਗਟ ਕਰਨ ਲਈ ਗੁਰੂ ਸਾਹਿਬ ਨੇ ਆਪਣੇ ਵਲੋਂ ਸਲੋਕ ਰਚ ਕੇ ਨਾਲ ਹੀ ਲਿਖ ਦਿਤੇ ਹਨ। ਪੰਥ ਪ੍ਰਸਿਧ ਟੀਕਾਕਾਰ ਪ੍ਰੋਫੈਸਰ ਸਾਹਿਬ ਸਿੰਘ ਜੀ ਦੇ ਵਿਚਾਰ ਇਸ ਸ਼ੰਕੇ ਦੀ ਨਵਿਰਤੀ ਇਸ ਤਰ੍ਹਾਂ ਕਰਦੇ ਹਨ :

"ਜਿਸ ਬੀੜ ਨੂੰ ਅਸੀਂ ਗੁਰੂ ਗ੍ਰੰਥ ਸਾਹਿਬ ਆਖਦੇ ਹਾਂ ਤੇ ਗੁਰੂ ਵਾਂਗ ਸਨਮਾਨਦੇ ਹਾਂ, ਉਸ ਦਾ ਹਰੇਕ ਸ਼ਬਦ ਗੁਰੂ ਰੂਪ ਹੈ। ਜੇ ਅਸੀਂ ਕਿਸੇ ਭੱਟ ਜਾਂ ਭਗਤ ਦਾ ਕੋਈ ਸ਼ਬਦ ਗੁਰੂ ਆਸ਼ੇ ਦੇ ਉਲਟ ਸਮਝਦੇ ਹਾਂ, ਤਾਂ ਉਹ ਬੀੜ ਜਿਸ ਵਿਚ ਗੁਰੂ-ਆਸ਼ੇ ਤੋਂ ਉਲਟ ਵਖਰੇ ਭਾਵ ਵਾਲੇ ਵਾਕ ਦਰਜ ਹਨ, ਸਮੁੱਚੇ ਤੌਰ ਤੇ ਗੁਰੂ ਦਾ ਦਰਜਾ ਨਹੀਂ ਰਖ ਸਕਦੀ। ਇਹ ਇਕ ਆਸ਼ੇ ਹੀਣਾ ਨਿਸ਼ਚਾ ਹੈ ਕਿ ਭਗਤਾਂ ਦੇ ਕਈ ਸ਼ਬਦਾਂ ਨੂੰ ਅਸੀਂ ਗੁਰਮਤਿ ਅਨੁਸਾਰ ਮੰਨੀਏ ਤੇ ਕਈ ਸ਼ਬਦਾਂ ਨੂੰ ਗੁਰੂ ਆਸ਼ੇ ਦੇ ਵਿਰੁਧ। ਗੁਰੂ ਅਰਜਨ ਸਾਹਿਬ ਨੇ ਸਾਰੀ ਬੀੜ ਵਿਚ ਇਹ ਗਲ ਕਿਤੇ ਭੀ ਨਹੀਂ ਲਿਖੀ ਕਿ ਫਲਾਣੇ ਫਲਾਣੇ ਸ਼ਬਦ ਗੁਰਮਤਿ ਅਨੁਸਾਰ ਨਹੀਂ ਹਨ।....... ਸਿਖ ਨੂੰ ਇਹ ਸ਼ਰਧਾ ਬਨਾਣੀ ਚਾਹੀਦੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਕਿਸੇ ਅੰਗ ਵਿਚ ਕੋਈ ਉਕਾਈ ਨਹੀਂ ਹੈ।" (ਗੁਰੂ ਗ੍ਰੰਥ ਸਾਹਿਬ ਦਰਪਨ, ਪੋਥੀ ੧੦, ਪੰਨਾ ੨੮੯)


www.AKJ.Org

ਅਗੇ ਜਾ ਕੇ ਪ੍ਰੋਫੈਸਰ ਸਾਹਿਬ ਲਿਖਦੇ ਹਨ :

"ਜਿਥੇ ਕਿਤੇ ਫਰੀਦ ਜੀ ਨੇ ਕੋਈ ਖਿਆਲ ਇਸ਼ਾਰੇ ਮਾਤਰ ਦਸਿਆ ਹੈ ਤੇ ਭੁਲੇਖਾ ਪੈਣ ਦੀ ਸੰਭਾਵਨਾ ਪੈਦਾ ਹੋ ਸਕਦੀ ਹੋਵੇ, ਸਤਿਗੁਰੂ ਜੀ ਨੇ ਉਸ ਨੂੰ ਵਧੀਕ ਖੋਲ੍ਹ ਦਿਤਾ ਹੈ।"

(ਗੁਰੂ ਗ੍ਰੰਥ ਸਾਹਿਬ ਦਰਪਨ, ਪੋਥੀ ੧੦, ਪੰਨਾ ੨੯੦)

ਬਸ, ਹੁਣ ਵੀਚਾਰ ਵਾਲੀ ਗਲ ਕੇਵਲ ਏਨੀ ਹੀ ਹੈ ਭਗਤ ਬਾਣੀ ਦੇ ਰਚਨ ਸੰਬੰਧੀ ਉਪਰਲੀਆਂ ਵੀਚਾਰਾਂ ਵਿਚੋਂ ਗੁਰਮਤਿ ਕਸਵੱਟੀ ਅਨੁਸਾਰ ਕੇਹੜੀ ਵਿਚਾਰ ਜ਼ਿਆਦਾ ਭਰੋਸੇ ਤੇ ਮੰਨਣ ਯੋਗ ਹੈ। ਇਸ ਸੰਬੰਧੀ ਨਾਮ ਰਸੀਏ ਬੁੱਧੀ ਜੀਵਾਂ ਦਾ ਸਿਰ ਜੋੜ ਕੇ ਵਿਚਾਰ ਵਟਾਂਦਰਾ ਕਰਨ ਉਪ੍ਰੰਤ ਹੀ ਕੋਈ ਸਿੱਟਾ ਨਿਕਲ ਸਕਦਾ ਹੈ।

ਜੇ ਕਰ ਇੰਨ੍ਹਾਂ ਦੋਹਾਂ ਵਿਚਾਰਾਂ ਦੇ ਉਲਟ ਪਹਿਲੀ ਪ੍ਰਚਲਤ ਵੀਚਾਰ ਨੂੰ ਹੀ ਸਵੀਕਾਰ ਕੀਤਾ ਜਾਵੇ ਤਾਂ ਭਗਤ ਬਾਣੀ ਸੰਬੰਧੀ ਸ਼ੰਕੇ ਉਪਜਣੇ ਕੁਦਰਤੀ ਹਨ। ਨਾਲ ਹੀ ਇਸ ਤਰ੍ਹਾਂ ਅਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਦਵੀ ਨੂੰ ਯੂਨੀਵਰਸਿਟੀ ਦੇ ਰੀਸਰਚ ਪ੍ਰੋਫੈਸਰ ਦੇ ਪੱਧਰ ਤੇ ਲਿਆ ਕੇ ਖੜਾ ਕਰ ਦੇਂਦੇ ਹਾਂ ਕਿ ਉਹ ਥਾਂ ਥਾਂ ਤੇ ਖੋਜ•ਕਰਕੇ ਭਗਤ ਬਾਣੀ ਚੁਣ ਚੁਣ ਕੇ ਲਿਖ ਕੇ ਲਿਆਂਦੇ ਰਹੇ।

## *ਗੁਰੂ ਸਾਹਿਬਾਨ ਤੇ ਭਗਤਾਂ ਤੋਂ ਉਪ੍ਰੰਤ ਹੋਰ ਪਾਵਨ ਵਿਅਕਤੀਆਂ ਦੀ ਬਾਣੀ ਸੰਬੰਧੀ ਵਿਚਾਰ*

ਗੁਰੂ ਸਾਹਿਬਾਨ ਤੇ ਭਗਤਾਂ ਤੋਂ ਉਪ੍ਰੰਤ ਹੋਰ ਜਿਨ੍ਹਾਂ ਪਾਵਨ ਵਿਅਕਤੀਆਂ ਦੇ ਨਾਮ ਨਾਲ ਸੰਬੰਧਤ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਉਹ ਇਹ ਹਨ :

(1) ਭਾਈ ਮਰਦਾਨਾ ਜੀ (੨) ਭਾਈ ਸੱਤਾ ਤੇ ਬਲਵੰਡ ਜੀ

(3) ਭਾਈ ਸੁੰਦਰ ਜੀ (4) ਭਾਈ ਕਲ ਆਦਿ ਭੱਟ।

ਭਾਈ ਮਰਦਾਨਾ ਜੀ ਦੇ ਨਾਮ ਨਾਲ ਸੰਬੰਧਤ ਤਿੰਨ ਸਲੋਕ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਇਨ੍ਹਾਂ ਸੰਬੰਧੀ ਜੋ ਵੀਚਾਰ ਪੁਸਤਕ "ਬਾਣੀ ਬਿਉਰਾ" ਰਚਿਤ ਭਾ: ਜੋਗਿੰਦਰ ਸਿੰਘ ਜੀ ਤਲਵਾੜਾ, ਵਿਚ ਦਿਤੀ ਹੈ ਉਹ ਇਸ ਪ੍ਰਕਾਰ ਹੈ:

"ਕਈ ਵਿਦਵਾਨਾਂ ਨੇ ਭਗਤਾਂ ਦੀ ਗਿਣਤੀ ਵਿਚ ਭਾਈ ਮਰਦਾਨਾ ਜੀ ਨੂੰ ਸ਼ਾਮਲ ਕੀਤਾ ਹੈ, ਪਰ ਅਜਿਹਾ ਕੀਤਾ ਜਾਣਾ ਗੁਰਮਤਿ ਦੀ ਕਸਵੱਟੀ ਤੇ ਪੂਰਾ ਨਹੀਂ ਉਤਰਦਾ। ਬਿਹਾਗੜੇ ਰਾਗ ਦੀ ਵਾਰ ਵਿਚ 'ਮਰਦਾਨਾ' ਸਿਰਲੇਖ ਹੇਠ ਅੰਕਿਤ ਜਿਨ੍ਹਾਂ ਸਲੋਕਾਂ ਦੇ ਅਧਾਰ ਤੇ ਅਜਿਹਾ ਕੀਤਾ ਗਿਆ ਹੈ ਉਨ੍ਹਾਂ ਦੇ ਅੰਤ ਵਿਚ ਨਾਨਕ ਛਾਪ ਲਗੀ ਹੋਈ ਹੈ ।....... ਜਿਸ ਤੱਥ ਤੋਂ ਇਨ੍ਹਾਂ ਵਿਚਾਰ ਅਧੀਨ ਸਲੋਕਾਂ ਦੇ ਸਤਿਗੁਰਾਂ ਦੀ ਰਚਨਾ ਹੋਣ ਦੀ ਤਸਦੀਕ ਹੁੰਦੀ ਹੈ। ਛਾਪੇ ਦੀਆਂ ਬੀੜਾਂ ਵਿਚ ਦੋ ਸਲੋਕਾਂ ਦੇ ਸਿਰਲੇਖ 'ਸਲੋਕ ਮਰਦਾਨਾ੧॥' ਹਨ ਤੇ ਤੀਜੇ ਸਲੋਕ ਦਾ ਕੋਈ ਸਿਰਲੇਖ ਨਹੀਂ, ਪਰ ਕਈ ਪੁਰਾਤਨ ਹਸਤ-ਲਿਖਤ ਬੀੜਾਂ ਵਿਚ ਇਹ ਸਿਰਲੇਖ 'ਸਲੋਕ ਮ: ੧ ਮਰਦਾਨਾ', ਮ:੧ ਮਰਦਾਨਾ' ਤੇ ਮ:੧ਹਨ। ਸੰਭਵ ਹੈ ਕਿ ਇਹ ਸਲੋਕ ਭਾਈ ਮਰਦਾਨਾ ਜੀ ਪ੍ਰਤੀ ਮਹਲਾ ੧ ਦੀ ਰਚਨਾ ਹੋਣ ਜਿਵੇਂ ਸਾਰੰਗ ਰਾਗ ਵਿਚ ਮਹਲਾ ੫ ਦਾ ਇਕ ਸ਼ਬਦ ਭਗਤ ਸੂਰਦਾਸ ਜੀ ਪ੍ਰਤੀ ਹੈ।"(ਪੰਨਾ ੫੫)

ਸੋ ਇਸ ਵਿਚਾਰ ਅਨੁਸਾਰ ਭਾਈ ਮਰਦਾਨਾ ਜੀ ਦਾ ਆਪਣਾ ਰਚਿਆ ਕੋਈ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਹੀਂ।

ਭਾਈ ਸੱਤਾ ਤੇ ਬਲਵੰਡ ਦੀ ਇਕ ਵਾਰ ਰਾਮਕਲੀ ਰਾਗ ਵਿਚ ਹੈ। ਇਸੇ ਤਰ੍ਹਾਂ ਭਾਈ ਸੁੰਦਰ ਜੀ ਦਾ ਇਕ ਸ਼ਬਦ ਵੀ ਏਸੇ ਰਾਗ ਵਿਚ ਹੈ। ਸੱਤਾ ਤੇ ਬਲਵੰਡ ਗੁਰੂ ਘਰ ਦੇ ਢਾਡੀ ਸਨ ਤੇ ਗੁਰਬਾਣੀ ਦਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕਰਦੇ ਸਨ। ਉਹ ਖੁਦ ਕੋਈ ਰਚਨਾ ਰਚਦੇ ਨਹੀਂ ਸਨ ਤੇ ਨਾ ਉਨ੍ਹਾਂ ਦੀ ਕੋਈ ਹੋਰ ਰਚਨਾ ਕਿਸੇ ਪੁਰਾਤਨ ਗ੍ਰੰਥਾਂ ਵਿਚ ਜਾਂ ਉਨ੍ਹਾਂ ਦੇ ਖਾਨਦਾਨ ਵਿਚ ਕਿਸੇ ਕੋਲ ਮਿਲਦੀ ਹੈ। ਸਤਿਗੁਰੂ ਸਰਬ ਕਲਾ ਸਮਰਥ ਦਾ ਹੁਕਮ ਹੋਇਆ ਕਿ ਜਿਸ ਮੂੰਹ ਨਾਲ ਸਤਿਗੁਰੂ ਨਾਨਕ ਦੇਵ ਜੀ ਦੀ ਨਿੰਦਾ ਕੀਤੀ ਸੀ, ਹੁਣ ਉਸੇ ਮੂੰਹ ਨਾਲ ਸਿਫਤ ਗਾਉ ਤਾਂ ਬਖਸ਼ੇ ਜਾਉਗੇ। ਉਹ ਵਿਚਾਰੇ ਨਿਰੁਤਰ



www.AKJ.Org

ਹੋ ਗਏ। ਪਛਤਾਵਾ ਤਾਂ ਆਪਣੀ ਭੁੱਲ ਦਾ ਬਹੁਤ ਸੀ ਤੇ ਸੱਚੇ ਦਿਲੋਂ ਆਪਣੇ ਗੁਨਾਹ ਦੀ ਤਲਾਫੀ ਕਰਨਾ ਚਾਹੁੰਦੇ ਸਨ ਪਰ ਨਾ ਇੰਨੀ ਸੋਝੀ ਸੀ ਤੇ ਨਾ ਕਵਿਤਾ ਦੀ ਸਾਰ। ਉਨ੍ਹਾਂ ਦੀ ਮਜਬੂਰੀ ਤੱਕ ਕੇ ਗੁਰੂ ਸਚੇ ਪਾਤਸ਼ਾਹ ਜੀ ਨੇ ਮਿਹਰਾਂ ਨਾਲ ਉਨ੍ਹਾ ਨੂੰ ਨਦਰ ਨਿਹਾਲ ਕਰ ਦਿਤਾ। ਗੁਰੂ ਨਾਨਕ ਜੀ ਸੰਬੰਧੀ ਸੱਚੀ ਸੋਝੀ ਆ ਗਈ, ਹਿਰਦੇ ਵਿਚ ਪ੍ਰਕਾਸ਼ ਹੋ ਗਿਆ, ਸਤਿਨਾਮ ਦੀ ਕਲਾ ਨੇ ਦਿਲ ਤੇ ਦਿਮਾਗ ਰੌਸ਼ਨ ਕਰ ਦਿਤੇ ਤੇ ਇਸ ਤਰ੍ਹਾਂ ਸਤਿਗੁਰੂ ਦੀ ਬਖਸ਼ਿਸ਼ ਸਦਕਾ ਉਨ੍ਹਾਂ ਦੇ ਹਿਰਦੇ ਵਿਚੋਂ ਐਸੀ ਰਚਨਾ ਸਫੁਟੀ ਕਿ ਆ ਮੁਹਾਰੇ ਹੀ ਉਹ ਆਖਣ ਜਾਂ ਬੋਲਣ ਲਗ ਪਏ। ਇਸ ਬਾਣੀ ਦਾ ਸਿਰਲੇਖ "ਰਾਮਕਲੀ ਕੀ ਵਾਰ ਰਾਇ ਬਲਵੰਡਿ ਤਥਾ ਸਤੈ ਡੂੰਮਿ ਆਖੀ" ਇਸ ਭੇਦ ਦੀ ਘੁੰਡੀ ਖੋਲ ਦਿੰਦਾ ਹੈ ਕਿ ਸੱਤੇ ਤੇ ਬਲਵੰਡ ਨੇ ਇਹ ਵਾਰ ਕੇਵਲ ਆਖੀ ਸੀ, ਰਚੀ ਨਹੀਂ। ਅਖਵਾਉਣ ਵਾਲੇ ਤਾਂ ਸਰਬ ਕਲਾ ਸਮਰਥ ਗੁਰੂ ਅਰਜਨ ਦੇਵ ਜੀ ਸਨ। ਇਸੇ ਤਰ੍ਹਾਂ ਬਾਬਾ ਸੁੰਦਰ ਜੀ ਤੇ ਵੀ ਗੁਰੂ ਰਾਮਦਾਸ ਸਾਹਿਬ ਜੀ ਦੀ ਕਿਰਪਾ ਦ੍ਰਿਸ਼ਟੀ ਹੋਈ ਤੇ ਉਨ੍ਹਾਂ ਨੇ ਗੁਰੂ ਅਮਰ ਦਾਸ ਜੀ ਤੇ ਜੋਤੀ ਜੋਤ ਸਮਾਉਣ ਸਮੇਂ ਜੋ ਵਾਪਰਿਆ ਉਹ ਵਰਨਣ ਕੀਤਾ। ਕਲਾ ਉਥੇ ਵੀ ਗੁਰੂ ਰਾਮਦਾਸ ਜੀ ਦੀ ਹੀ ਵਰਤੀ ਸੀ।

ਇਸੇ ਹੀ ਤਰਾਂ ਦੀ ਘਟਨਾ ਭੱਟਾਂ ਨਾਲ ਵਰਤੀ ਜਿਨ੍ਹਾਂ ਦੇ ਨਾਮ ਤੇ ਗੁਰੂ ਗ੍ਰੰਥ ਸਾਹਿਬ ਦੇ ਅੰਤਲੇ ਭਾਗ ਵਿਚ ਸਵਈਏ ਦਰਜ ਹਨ। ਸੋ ਇਨ੍ਹਾਂ ਸਭ ਵਿਅਕਤੀਆਂ ਦੇ ਮੁਖੋਂ ਜੋ ਬਾਣੀ ਨਿਕਲੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੋਈ ਉਹ ਸਤਿਗੁਰੂ ਸਰਬਕਲਾ ਸਮਰਥ ਦੀ ਮੇਹਰ ਦ੍ਰਿਸ਼ਟੀ ਦੁਆਰਾ ਉਨ੍ਹਾਂ ਦੇ ਹਿਰਦੇ ਵਿਚੋਂ ਸਫੁੱਟ ਹੋਈ ਹੋਣ ਕਰਕੇ ਹੀ ਗੁਰੂ ਬਾਣੀ ਹੈ, ਉਨ੍ਹਾਂ ਦੀ ਆਪਣੀ ਰਚਨਾ ਨਹੀਂ। ਉਨਾਂ ਦੇ ਮੂੰਹ ਤੋਂ ਤਾਂ ਕੇਵਲ ਅਖਵਾਈ ਗਈ। ਐਨ ਏਸੇ ਤਰਾਂ ਜਿਵੇਂ ਛੱਜੂ ਦੇ ਮੂੰਹੋਂ ਪੰਜੋਖੜਾ ਸਾਹਿਬ ਵਿਖੇ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਨੇ ਸਪਤ ਸਲੋਕੀ ਗੀਤਾ ਦਾ ਗੋਝ ਵਖਿਆਨ ਕਰਵਾਇਆ।

ਅੰਤ ਵਿਚ ਗਿ: ਗੁਰਦਿਤ ਸਿੰਘ ਜੀ ਰਚਿਤ "ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ" ਵਿਚ ਲਿਖੇ ਇਹ ਅਖਰ ਇਥੇ ਦੁਹਰਾਉਣ ਯੋਗ ਹਨ :

"ਭੁਲ ਨਹੀ ਜਾਣਾ ਚਾਹੀਦਾ ਭਗਤ ਆਖਰ ਭਗਤ ਸਨ। ਗੁਰੂ ਨਾਨਕ ਜੀ ਵਾਂਗ ਗੁਰੂ ਜੋਤੀ ਨਹੀਂ। ਧੁਰੋਂ ਵਰੋਸਾਏ ਹੋਏ ਪਰਮੇਸ਼ਰ ਸਰੂਪ ਜਨ ਨਾਨਕ ਭਗਤੁ ਤੁਲ ਬ੍ਰਹਮ ਸਮਸਰ ਨਹੀਂ ਸਨ ਕਿ ਕਿਸੇ ਸਾਧਨਾ ਮਾਰਗ ਦੀਆਂ ਪ੍ਰਚੱਲਤ ਰੀਤਾਂ ਤੇ ਖੰਭਾਂ ਤੋਂ ਬਿਨਾਂ ਹੀ ਉਡਾਰੀਆਂ ਮਾਰ ਕੇ ਅਧਿਆਤਮਕ ਅਕਾਸ਼ ਵਿਚ ਉਡਦੇ।"

ਇਹੋ ਅਖਰ ਬਾਕੀ ਗੁਰਸਿਖ ਵਿਅਕਤੀਆਂ ਤੇ ਲਾਗੂ ਹੁੰਦੇ ਹਨ ਜਿਨ੍ਹਾਂ ਦੇ ਨਾਮ ਹੇਠ ਰਚੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ।

---

## ਬੰਦਾ

(ਭਾਈ ਕਿਸ਼ਨ ਸਿੰਘ ਜੀ)

ਉਂਝ ਤਾਂ ਸਭ ਬੰਦੇ ਰੱਬ ਦੇ ਨੇ, ਬੰਦਾ ਅਖਵਾਉਣਾ ਔਖਾ ਏ।
ਜੀਵਨ ਦੀਆਂ ਸੱਚੀਆਂ ਲੀਹਾਂ ਤੇ, ਬੱਸ ਪੈਰ ਟਿਕਾਉਣਾ ਔਖਾ ਏ।
ਜਾਮਾ ਪਾ ਲੈਣਾ ਸਿੱਖੀ ਦਾ, ਗੱਲ ਬਹੁਤੀ ਕਿਸੇ ਲਈ ਮੁਸ਼ਕਲ ਨਹੀਂ।
ਬਾਬੇ ਨਾਨਕ ਦੇ ਨਿਯਮਾਂ ਨੂੰ, ਐਪਰ ਅਪਨਾਉਣਾ ਔਖਾ ਏ।
ਦਿਨ ਰਾਤ ਸਮਾਧੀ ਲਾ ਬਹਿਣਾ, ਕਰਨੇ ਸਭ ਭੇਖ ਦਿਖਾਵੇ ਲਈ,
ਲਾ ਆਸਣ ਤੱਤੀਆਂ ਤਵੀਆਂ ਤੇ, ਹਰਿ ਦਾ ਜੱਸ ਗਾਉਣਾ ਔਖਾ ਏ।
ਇਨਸਾਫ਼ ਜੇ ਮੰਗਣ ਆਵੇ ਕੋਈ, ਮਦਦ ਕਈ ਮੁਨਸਿਫ਼ ਕਰਦੇ ਨੇ,
ਚਲਕੇ ਆਏ ਫਰਿਆਦੀ ਲਈ, ਖ਼ੁਦ ਸੀਸ ਕਟਾਉਣਾ ਔਖਾ ਏ।
ਆਪਣਾ ਪ੍ਰੀਵਾਰ ਬਚਾਉਣੇ ਲਈ, ਕੋਈ ਆਪਣੀ ਜਾਨ ਤਾਂ ਦੇ ਸਕਦਾ,
ਪਰ ਹੱਸਕੇ ਖਾਤਰ ਹੋਰਾਂ ਦੀ, ਸਰਬੰਸ ਲੁਟਾਉਣਾ ਔਖਾ ਏ।
ਕੁੱਝ ਕਰਨ ਟਾਕਰਾ ਲੱਖਾਂ ਦਾ, ਹੈ ਕਿਸ਼ਨ, ਖ਼ੁਦਾ ਦੀ ਦੇਣ ਇਹ,
ਚਮਕੌਰ ਗੜ੍ਹੀ ਦੇ ਸਾਕੇ ਨੂੰ, ਮੁੜ ਫਿਰ ਦੁਹਰਾਉਣਾ ਔਖਾ ਏ।


www.AKJ.Org

ਸ੍ਰ: ਬੂਟਾ ਸਿੰਘ ਦੀ ਅਖ਼ਬਾਰਾਂ ਵਿਚ ਛਪੀ ਰਿਪੋਰਟ ਦੇ ਮੱਦੇ ਨਜ਼ਰ

# ਦਰਦ ਭਰੀ ਅਪੀਲ

(ਸ੍ਰ: ਕਰਤਾਰ ਸਿੰਘ ਗਰੀਬ)

*ਪੰਜਾਬ ਵਿਚ ਬੜੀ ਤੇਜ਼ੀ ਨਾਲ ਘਟ ਰਹੀ ਹੈ ਸਿੱਖ ਨੌਜਵਾਨਾਂ ਵਿਚ ਕੇਸ ਦਾਹੜੀ ਰਖਣ ਦੀ ਰੁਚੀ*

ਮਾਲਵੇ ਦੇ ਪਿੰਡਾਂ ਵਿਚਲੇ ਨੌਜਵਾਨਾਂ ਅਤੇ ਬੱਚਿਆਂ ਵਿਚ ਕੇਸ ਰੱਖਣ ਦੀ ਰੁਚੀ ਏਨੀ ਤੇਜ਼ੀ ਨਾਲ ਘੱਟ ਰਹੀ ਹੈ ਕਿ ਆਉਂਦੇ ਸਮੇਂ ਵਿਚ ਇਹ ਰੁਝਾਨ ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਲਈ ਅਤਿਅੰਤ ਚਿੰਤਾ ਦਾ ਵਿਸ਼ਾ ਬਣ ਸਕਦਾ ਹੈ। ਇਹ ਰੁਚੀ ਘਟਣ ਦੇ ਕਾਰਨਾਂ ਦਾ ਪਤਾ ਲਾਉਣ ਲਈ ਬੀਤੇ ਦਿਨੀਂ ਸਬ-ਡਵੀਜ਼ਨ ਬਰਨਾਲਾ ਦੇ ਬਹੁਤ ਸਾਰੇ ਪ੍ਰਤੀਨਿਧ ਪਿੰਡਾਂ ਨੂੰ ਸਰਵੇਖਣ ਦਾ ਅਧਾਰ ਬਣਾਇਆ ਗਿਆ। ਪ੍ਰਾਪਤ ਤੱਥਾਂ ਨੂੰ ਵੇਖਦਿਆਂ ਕੋਈ ਵੀ ਸਿੱਖ ਹਿਰਦਾ ਵਲੂੰਧਰੇ ਬਿਨਾਂ ਨਹੀਂ ਰਹਿ ਸਕਦਾ। ਸਰਵੇਖਣ ਦੌਰਾਨ ਸਿਰਫ ਉਨ੍ਹਾਂ ਬੱਚਿਆਂ ਨੂੰ ਗਿਣਤੀ ਦਾ ਹਿੱਸਾ ਬਣਾਇਆ ਗਿਆ ਹੈ ਜਿਹੜੇ ਬੱਚੇ ਅਪਣੇ ਨਾਂਅ ਨਾਲ ਖੁਦ ਸਿੰਘ ਲਿਖਦੇ ਹਨ। ਹੋਰਨਾਂ ਬੱਚਿਆਂ ਨੂੰ ਸਰਵੇਖਣ ਦੇ ਘੇਰੇ ਤੋਂ ਬਾਹਰ ਰੱਖਿਆ ਗਿਆ ਹੈ। ਸਰਕਾਰੀ ਮਿਡਲ ਸਕੂਲ ਘੁਮਲਾ ਮਾਲਕਿਨ ਬਰਨਾਲਾ ਦੇ 68 ਸਿੱਖ ਬੱਚਿਆਂ ਵਿਚੋਂ ੨1 ਕੇਸਾਧਾਰੀ, ਸਰਕਾਰੀ ਹਾਈ ਸਕੂਲ ਕਰਮਗੜ੍ਹ ਦੇ 1੨9 ਸਿੱਖ ਬੱਚਿਆਂ ਚੋਂ 31 ਕੇਸਾਧਰੀ, ਸਰਕਾਰੀ ਹਾਈ ਸਕੂਲ ਭੱਦਲਵੱਡ ਦੇ 1੨7 ਸਿੱਖ ਬੱਚਿਆਂ ਵਿਚੋਂ ੨0 ਕੇਸਾਧਾਰੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਮੀਦੀ ਦੇ ਛੇਵੀਂ ਤੋਂ 10+੨ ਦੇ 170 ਸਿੱਖ ਬੱਚਿਆਂ ਵਿਚੋਂ 59 ਕੇਸਾਧਾਰੀ, ਸਰਕਾਰੀ ਹਾਈ ਸਕੂਲ ਵਜੀਦਕੇ ਦੇ 158 ਸਿੱਖ ਬੱਚਿਆਂ ਵਿਚੋਂ 47 ਕੇਸਾਧਾਰੀ, ਸਰਕਾਰੀ ਹਾਈ ਸਕੂਲ ਗਰਮ ਦੇ 108 ਸਿੱਖ ਬੱਚਿਆਂ ਵਿਚੋਂ 14 ਕੇਸਾਧਾਰੀ, ਸਰਕਾਰੀ ਹਾਈ ਸਕੂਲ ਸੰਘੇੜਾ ਦੇ ੨85 ਸਿੱਖ ਬੱਚਿਆਂ ਵਿਚੋਂ 53 ਕੇ ਸਾਧਾਰੀ, ਸਰਕਾਰੀ ਹਾਈ ਸਕੂਲ ਫਰਵਾਹੀ ਦੇ ੨1੨ ਸਿੱਖ ਬੱਚਿਆਂ ਵਿਚੋਂ 74 ਕੇਸਾਧਾਰੀ, ਮਹਾਨ ਸ਼ਹੀਦ ਸੇਵਾ ਸਿੰਘ ਠੀਕਰੀਵਾਲਾ ਦੇ ਪਿੰਡ ਠੀਕਰੀਵਾਲ ਦੇ ਸੀਨੀਅਰ ਸੈਕੰਡਰੀ ਸਕੂਲ ਦੇ ਛੇਵੀਂ ਤੋਂ 10+੨) ਦੇ 3੨6 ਸਿੱਖ ਬੱਚਿਆਂ ਵਿਚੋਂ 94 ਕੇਸਾਧਾਰੀ, ਸਰਕਾਰੀ ਮਿਡਲ ਸਕੂਲ ਰਾਏਸਰ (ਪਟਿਆਲਾ) ਦੇ 35 ਸਿੱਖ ਬੱਚਿਆਂ ਵਿਚੋਂ 9 ਕੇਸਾਧਾਰੀ, ਸਰਕਾਰੀ ਮਿਡਲ ਸਕੂਲ ਰਾਏਸਰ (ਪੰਜਾਬ) ਦੇ 107 ਸਿੱਖ ਬੱਚਿਆਂ ਵਿਚੋਂ ੨9 ਕੇਸਾਧਾਰੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚੰਨਣਵਾਲ ਕਲਾਂ ਦੇ (ਛੇਵੀਂ ਤੋਂ 10+੨) ਦੇ 157 ਸਿੱਖ ਬੱਚਿਆਂ ਵਿਚੋਂ 74 ਕੇਸਾਧਾਰੀ, ਸਰਕਾਰੀ ਹਾਈ ਸਕੂਲ ਗਹਿਲ ਦੇ ੨4੨ ਸਿੱਖ ਬੱਚਿਆਂ ਵਿਚੋਂ 51 ਕੇਸਾਧਾਰੀ, ਸਰਕਾਰੀ ਹਾਈ ਸਕੂਲ ਮੌੜਾਂ ਦੇ 100 ਸਿੱਖ ਬੱਚੇ ਵਿਚੋਂ 10 ਕੇਸਾਧਾਰੀ, ਸੀਨੀਅਰ ਸੈਕੰਡਰੀ ਸਕੂਲ ਸਹਿਣਾ ਦੇ 311 ਸਿੱਖ ਬੱਚਿਆਂ ਵਿਚੋਂ 65 ਕੇਸਾਧਾਰੀ, ਸਰਕਾਰੀ ਹਾਈ ਸਕੂਲ ਬਖਤਗੜ੍ਹ ਦੇ 187 ਸਿੱਖ ਬੱਚਿਆਂ ਵਿਚੋਂ ੨8 ਕੇਸਾਧਾਰੀ, ਸਰਕਾਰੀ ਹਾਈ ਸਕੂਲ ਟੱਲੇਵਾਲ ਦੇ 187 ਸਿੱਖ ਬੱਚਿਆਂ ਵਿਚੋਂ 53 ਕੇਸਾਧਾਰੀ, ਸਰਕਾਰੀ ਹਾਈ ਸਕੂਲ ਬੀਹਲਾ ਦੇ 10੨ ਸਿੱਖ ਬੱਚਿਆਂ ਵਿਚੋਂ 5੨ ਕੇਸਾਧਾਰੀ, ਸਰਕਾਰੀ ਹਾਈ ਸਕੂਲ ਪੱਖੋ ਕਲਾਂ ਦੇ 196 ਸਿੱਖ ਬੱਚਿਆਂ ਵਿਚੋਂ ੨7 ਬੱਚੇ ਕੇਸਾਧਾਰੀ, ਬਾਬਾ ਲੌਂਗਪੁਰੀ ਪਬਲਿਕ ਹਾਈ ਸਕੂਲ ਪੱਖੋ ਕਲਾਂ ਦੇ 619 ਸਿੱਖ ਬੱਚਿਆਂ ਵਿਚੋਂ 143 ਬੱਚੇ ਕੇਸਾਧਾਰੀ, ਸਰਕਾਰੀ ਹਾਈ ਸਕੂਲ ਕੱਟੂ ਦੇ 130 ਸਿੱਖ ਬੱਚਿਆਂ ਵਿਚੋਂ 73 ਕੇਸਾਧਾਰੀ, ਸਰਕਾਰੀ ਹਾਈ ਸਕੂਲ ਉਪਲੀ ਦੇ 103 ਸਿੱਖ ਬੱਚਿਆਂ ਵਿਚੋਂ ੨8 ਕੇਸਾਧਾਰੀ, ਸਰਕਾਰੀ ਹਾਈ ਸਕੂਲ ਦਾਨਗੜ੍ਹ ਦੇ 1੨3 ਸਿੱਖ ਬੱਚਿਆਂ ਵਿਚੋਂ 37 ਕੇਸਾਧਾਰੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਧਨੌਲਾ ਦੇ 440 ਸਿੱਖ ਬੱਚਿਆਂ ਵਿਚੋਂ 98 ਕੇਸਾਧਾਰੀ, ਸਰਕਾਰੀ ਹਾਈ ਸਕੂਲ ਰੂੜੇਕੇ ਕਲਾਂ ਦੇ ੨80 ਸਿੱਖ ਬੱਚਿਆਂ ਵਿਚੋਂ 60 ਕੇਸਾਧਾਰੀ, ਸਰਕਾਰੀ ਮਿਡਲ ਸਕੂਲ ਧਨੌਲਾ ਖੁਰਦ ਦੇ 31 ਸਿੱਖ ਬੱਚਿਆਂ ਵਿਚੋਂ 10 ਕੇਸਾਧਾਰੀ, ਸਰਕਾਰੀ ਹਾਈ ਸਕੂਲ ਹੰਡਿਆਇਆਂ 'ਚੋਂ ੨80 ਸਿੱਖ ਬੱਚਿਆਂ ਵਿਚੋਂ 60 ਕੇਸਾਧਾਰੀ, ਸਰਕਾਰੀ ਹਾਈ ਸਕੂਲ ਭੋਤਨਾ 165 ਸਿੱਖ ਬੱਚਿਆਂ ਵਿਚੋਂ 15 ਕੇਸਾਧਾਰੀ ਬੱਚੇ ਪਾਏ ਗਏ। ਉਕਤ ਸਕੂਲਾਂ ਵਿਚ ਕਈ ਜਮਾਤਾਂ ਇਹੋ ਜਿਹੀਆਂ ਸਨ ਜਿਨ੍ਹਾਂ ਵਿਚ ਸਿਰਫ ਇਕ-ਇਕ ਜਾਂ ਦੋ-ਦੋ ਬੱਚੇ ਹੀ ਕੇਸਾਧਾਰੀ ਸਨ। ਸਰਕਾਰੀ ਹਾਈ ਸਕੂਲ ਭੋਤਨਾ ਦੀ ਅੱਠਵੀਂ ਏ



www.AKJ.Org

ਜਮਾਤ ਵਿਚ ਕੋਈ ਵੀ ਕੇਸਾਧਾਰੀ ਬੱਚਾ ਨਹੀਂ ਸੀ। ਅੰਮ੍ਰਿਤਧਾਰੀ ਬੱਚੇ ਮਸਾਂ 6-7 ਹੀ ਨਜ਼ਰ ਆਏ।

ਪ੍ਰਾਇਮਰੀ ਸਕੂਲਾਂ ਦੀ ਹਾਲਤ ਹੋਰ ਵੀ ਤਰਸਯੋਗ ਹੈ। ਸਰਕਾਰੀ ਹਾਈ ਸਕੂਲ ਫਰਵਰੀ ਦੇ ੨੦੧ ਸਿੱਖ ਬੱਚਿਆਂ ਵਿਚੋਂ ੬੦ ਕੇਸਾਧਾਰੀ, ਸਰਕਾਰੀ ਪ੍ਰਾਇਮਰੀ ਸਕੂਲ ਰਾਏਸਰ (ਪੰਜਾਬ) ਦੇ 10੨ ਸਿੱਖ ਬੱਚਿਆਂ ਵਿਚੋਂ ੨੦ ਕੇਸਾਧਾਰੀ, ਸਰਕਾਰੀ ਪ੍ਰਾਇਮਰੀ ਸਕੂਲ ਰਾਏਸਰ (ਪਟਿਆਲਾ) ਦੇ 10੨ ਸਿੱਖ ਬੱਚਿਆਂ ਵਿਚੋਂ ੨੦ ਬੱਚੇ ਕੇਸਾਧਾਰੀ, ਸਰਕਾਰੀ ਪ੍ਰਾਇਮਰੀ ਸਕੂਲ ਬੰਮੇਹਰ ਪੱਤੀ ਧਨੌਲਾ ਦੇ 50 ਸਿੱਖ ਬੱਚਿਆਂ ਵਿਚੋਂ 10 ਕੇਸਾਧਾਰੀ, ਸਰਕਾਰੀ ਪ੍ਰਾਇਮਰੀ ਸਕੂਲ ਧਰਮਪੁਰਾ ਦੇ ੨੦ ਸਿੱਖ ਬੱਚਿਆਂ ਵਿਚੋਂ ੨ ਕੇਸਾਧਾਰੀ, ਸਰਕਾਰੀ ਪ੍ਰਾਇਮਰੀ ਸਕੂਲ ਧਨੌਲਾ ਖੁਰਦ ਦੇ 173 ਸਿੱਖ ਬੱਚਿਆਂ ਵਿਚੋਂ ੨੨ ਕੇਸਾਧਾਰੀ, ਸਰਕਾਰੀ ਪ੍ਰਾਇਮਰੀ ਸਕੂਲ ਰੂੜੇਕੇ ਕਲਾਂ ਦੇ 108 ਸਿੱਖ ਬੱਚਿਆਂ ਵਿਚੋਂ ੨੦ ਕੇਸਾਧਾਰੀ ਬੱਚੇ ਪਾਏ ਗਏ। ਰੂੜੇਕੇ ਦੀ ਦੂਜੀ ਜਮਾਤ ਦੇ 18 ਸਿੱਖ ਬੱਚਿਆਂ ਵਿਚੋਂ ਕੋਈ ਵੀ ਬੱਚਾ ਕੇਸਾਧਾਰੀ ਨਹੀਂ ਸੀ।

ਉਪਰ ਦਿਤੀ ਗਈ ਗਿਣਤੀ ਸਿਰਫ ਸਕੂਲਾਂ ਵਿਚ ਵਿਦਿਆ ਪ੍ਰਾਪਤ ਕਰ ਰਹੇ ਸਿੱਖ ਬੱਚਿਆਂ ਦੀ ਹੈ। ਜਿਹੜੇ ਅੱਠਵੀਂ, ਨੌਵੀਂ ਜਾਂ ਦਸਵੀਂ ਪਾਸ ਕਰਕੇ ਚਲੇ ਜਾਂਦੇ ਹਨ। ਉਨ੍ਹਾਂ ਦੀ ਸਥਿਤੀ ਵੀ ਕੋਈ ਵੱਖਰੀ ਨਹੀਂ ਹੈ। ਅਨਪੜ੍ਹ ਰਹਿ ਗਏ ਬੱਚਿਆਂ ਦੀ ਹਾਲਤ ਹੋਰ ਵੀ ਮਾੜੀ ਹੈ।

ਉਕਤ ਸਥਿਤੀ ਪੈਦਾ ਹੋਣ ਦੇ ਕਾਰਨ ਬਹੁਦਿਸ਼ਾਵੀ ਹਨ। ਕਿਸੇ ਇਕ ਪੱਖ ਜਾਂ ਧਿਰ ਨੂੰ ਇਸ ਲਈ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ। ਅੱਜ ਤੋਂ ੨੦ ਵਰ੍ਹੇ ਪਹਿਲਾਂ ਇਹ ਹਾਲਤ ਨਹੀਂ ਸੀ। ਸਕੂਲਾਂ ਵਿਚ ਪੜ੍ਹ ਰਹੇ ਬੱਚਿਆਂ ਦੀ ਜ਼ਿਆਦਾ ਗਿਣਤੀ ਕੇਸਾਧਾਰੀ ਬੱਚਿਆਂ ਦੀ ਹੀ ਹੁੰਦੀ ਸੀ। ਪਰ ਜਦੋਂ ਪੰਜਾਬ ਵਿਚ ੧੯੭੦ ਦੇ ਨੇੜੇ-ਨੇੜੇ ਖਾੜਕੂਵਾਦ ਦੇ ਮੁੱਢਲੇ ਬੀਜ ਫੁੱਟਣ ਲੱਗੇ ਤਾਂ ਸਿੱਖ ਸਰੂਪ ਦਾ ਮਾਲਵੇ ਵਿਚ ਵਧੇਰੇ ਬੋਲਬਾਲਾ ਹੋਣ ਲੱਗ ਪਿਆ। ਸੰਤ ਸ਼ਖਸੀਅਤ ਵੱਲੋਂ ਥਾਂ-ਥਾਂ ਅੰਮ੍ਰਿਤ-ਸੰਚਾਰ ਕਰਵਾਏ ਜਾਣ ਲੱਗ ਪਏ। ਇਹ ਸਿਲਸਿਲਾ ਲਗਪਗ 7-8 ਸਾਲ ਚਲਦਾ ਰਿਹਾ। ਜਦੋਂ ਬੱਚੇ ਪਾਠ ਕਰਕੇ, ਨਿਤਨੇਮ ਨਾਲ ਗੁਰਦੁਆਰੇ ਜਾਂਦੇ ਜਾਂ ਜਦੋਂ ਕੋਈ ਬੱਚਾ ਕੀਰਤਨ ਕਰਦਾ ਤਾਂ ਮਾਪਿਆਂ ਨੂੰ ਮਾਨਸਿਕ ਤਸੱਲੀ ਮਿਲਦੀ ਸੀ। ਪਰ ਜਦੋਂ ਸਰਕਾਰ ਨੇ ਅੱਤਵਾਦ ਨੂੰ ਠੱਲ੍ਹ ਪਾਉਣ ਲਈ ਸਿੱਖੀ ਸਰੂਪ ਨੂੰ ਮੁੱਖ ਨਿਸ਼ਾਨਾ ਬਣਾਇਆ ਤਾਂ ਸਹੀ ਸਿੱਖੀ ਸੋਚ ਵਾਲੇ ਬੱਚੇ ਵੀ ਸਿੱਖੀ ਸਰੂਪ ਤੋਂ ਵਾਂਝੇ ਹੋਣ ਲੱਗੇ। ਸਕੂਲਾਂ ਵਿਚ ਛੋਟੇ ਬੱਚਿਆਂ ਜਿਨ੍ਹਾਂ ਨੇ ਅੰਮ੍ਰਿਤ ਛਕੇ ਜਾਂ ਕੇਸ ਰੱਖੇ ਸਨ, ਦੀ ਗਿਣੱਤੀ ਘਟਣ ਲੱਗ ਪਈ। ੧੯੯੨ ਦੀਆਂ ਵਿਧਾਨ ਸਭਾ ਦੀਆਂ ਚੋਣਾਂ ਹੋਈਆਂ ਇਸ ਪਿੱਛੋਂ ਕਾਂਗਰਸ ਸਰਕਾਰ ਨੇ ਲੋਕਾਂ ਦੀ ਸਭਿਆਚਾਰਕ ਭੁੱਖ ਦੂਰ ਕਰਨ ਦੀ ਆੜ ਵਿਚ ਲੁਧਿਆਣੇ ਦੀ ਲੱਚਰ ਗਾਇਕੀ ਲੋਕ ਸੱਥਾਂ ਵਿਚ ਵਾੜ ਦਿੱਤੀ। ਚਾਹ ਦੀਆਂ ਹੱਡੀਆਂ ਕਰਨ ਵਾਲੇ ਗਾਇਕੀ ਨੇ ਵੀ ਕਿੱਲਿਆਂ ਤੇ ਟੰਗੀਆਂ ਤੂੰਬੀਆਂ ਲਾਹ ਲਈਆਂ ਤੇ ਲੱਚਰ ਗਾਇਕੀ ਰਾਹੀਂ ਖੂਬ ਪੈਸੇ ਕਮਾਏ। ਕਾਂਗਰਸੀ ਮੰਤਰੀਆਂ ਨੇ ਚੈਕ ਦੇਣੇ ਹੁੰਦੇ ਤਾਂ ਪਹਿਲਾਂ ਦੋ-ਦੋ, ਤਿੰਨ-ਤਿੰਨ ਗਾਇਕ ਲੋਕਾਂ ਦਾ ਮਨੋਰੰਜਨ ਕਰਦੇ। ਸਿੱਟੇ ਵਜੋਂ ਇਕ ਦਮ ਕੈਸੇਟ ਕਲਚਰ ਜ਼ੋਰ ਫੜ ਗਿਆ। ਧਾਰਮਿਕ ਪ੍ਰਚਾਰ ਪੱਛੜ ਗਿਆ। ਬੱਚੇ ਅਤੇ ਨੌਜਵਾਨ ਤੇਜ਼ੀ ਨਾਲ ਕੈਸੇਟ ਕਲਚਰ ਨਾਲ ਜੁੜਨ ਲੱਗ ਪਏ, ਟੀ. ਵੀ. ਚੈਨਲਾਂ ਅਤੇ ਫਿਲਮਾਂ ਦੇ ਪ੍ਰਭਾਵ ਨੇ ਰਹਿੰਦੀ-ਖੂੰਹਦੀ ਕਸਰ ਵੀ ਕੱਢ ਦਿੱਤੀ। ਅੱਜ ਸਥਿਤੀ ਇਹ ਹੈ ਕਿ ਦੂਜੀ-ਤੀਜੀ ਤੋਂ ਲੈ ਕੇ ਦਸਵੀ- ਜਮਾਤ ਤੱਕ ਦੇ ਬੱਚੇ ਬੁਰੀ ਤਰ੍ਹਾਂ ਅਜੋਕੀ ਹਉਕੇ ਭਰਦੀ ਰੁਮਾਂਟਿਕ ਤੇ ਸਰੀਰਕ ਖਿਚ ਵਾਲੀ ਗਇਕੀ ਦੀ ਜਕੜ ਵਿਚ ਆਏ ਹੋਏ ਹਨ। ਸਕੂਲਾਂ ਦੇ ਨਤੀਜੇ ਮਾੜੇ ਆਉਣੇ ਇਸ ਰੁਚੀ ਦੇ ਜਿਉਂਦੇ ਜਾਗਦੇ ਤੱਥ ਹਨ। ਪੰਜਾਬੀ ਫਿਲਮਾਂ ਵਿਚ ਤਾਂ ਜ਼ਿਆਦਾਤਰ ਕੱਟੇ ਹੋਏ ਕੇਸਾਂ ਵਾਲੇ ਹੀਰੋ ਤੇ ਬਾਕੀ ਕਿਰਦਾਰਾਂ ਦਾ ਪੇਸ਼ ਹੋਣਾ ਵੀ ਕੇਸ ਕੱਟਣ ਦੀ ਪ੍ਰਵਿਰਤੀ ਨੂੰ ਬੜ੍ਹਾਵਾ ਦੇ ਰਿਹਾ ਹੈ।

ਪੰਜਾਬੀ ਕਵੀ ਬਲਦੇਵ ਰਿਸ਼ੀ ਨੇ ਕਿਹਾ ਕਿ ਬੱਚੇ ਅਤੇ ਨੌਜਵਾਨ ਆਪਣੀ ਸਿੱਧੀ ਸਾਂਝ ਪੰਜਾਬੀ ਤੇ ਹਿੰਦੀ ਫਿਲਮਾਂ, ਪੰਜਾਬੀ ਗਾਇਕਾਂ ਦੀ ਗਾਇਕੀ ਨਾਲ ਪਾਈ ਬੈਠੇ ਹਨ। ਪੜ੍ਹਾਈ ਅਤੇ ਸਿੱਖ ਇਤਿਹਾਸ ਦੀ ਜਾਣਕਾਰੀ ੯੫ ਫੀਸਦੀ ਬੱਚਿਆਂ ਲਈ ਦੂਜੇ ਨੰਬਰ ਤੇ ਹੈ। ਸਰਵੇਖਣ ਦੌਰਾਨ ਕਿਸੇ ਸਕੂਲ ਦੇ ਤੱਥ ਬੇਹੱਦ ਕਮਜ਼ੋਰ ਨਿਕਲਦੇ ਸਨ ਤਾਂ ਘੱਟੋ-ਘੱਟ ੨੦ ਸਕੂਲਾਂ ਤੇ 50 ਅਧਿਆਪਕਾਂ ਨੇ ਇਸ ਗੱਲ ਤੇ ਜ਼ੋਰ



www.AKJ.Org

ਦਿੱਤਾ ਕਿ ਸਿੱਖੀ ਸੋਚ ਨੂੰ ਸੰਭਾਲਣ ਲਈ ਦੂਜੀ-ਤੀਜੀ ਤੋਂ ਹੀ ਸਿੱਖ ਧਰਮ ਨੂੰ ਲਾਜ਼ਮੀ ਵਿਸ਼ੇ ਦੇ ਤੌਰ ਤੇ ਪੜ੍ਹਾਇਆ ਜਾਣਾ ਚਾਹੀਦਾ ਹੈ। ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਦੀ ਇਕ-ਦੂਜੇ ਪ੍ਰਤੀ ਨੋਕ ਝੋਕ ਅਤੇ ਦੂਸ਼ਣਬਾਜ਼ੀ ਨੌਜਵਾਨਾਂ 'ਚ ਸਿੱਖੀ ਭਾਵਨਾ ਦੇ ਗਰਾਫ ਥੱਲੇ ਲਿਆ ਰਹੀ ਹੈ। ਅਖ਼ਬਾਰਾਂ ਦੇ ਕਾਲਮਾਂ ਦਾ ਹਿੱਸਾ ਬਣ ਕੇ ਸਿੱਖ ਸਿਆਸਤ ਦਾ ਮੁਕੰਮਲ 'ਕਾਟੋ ਕਲੇਸ਼' ਪਿੰਡਾਂ ਅਤੇ ਕਸਬਿਆਂ ਵਿਚ ਪਹੁੰਚਦਾ ਹੈ ਜੋ ਸੱਥਾਂ ਵਿਚ ਤੇ ਨੌਜਵਾਨਾਂ ਦੀਆਂ ਜੁੰਡਲੀਆਂ ਦੀ ਚੁੰਝ ਚਰਚਾ ਦਾ ਵਿਸ਼ਾ ਬਣਦਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਯੂਥ ਵਿੰਗ ਵਿਚ ਵੀ ਆਬਾਦੀ ਦੇ ਅਨੁਪਾਤ ਅਨੁਸਾਰ ਬਹੁਤ ਘੱਟ ਸ਼ਮੂਲੀਅਤ ਹੈ। ਕਾਂਗਰਸ ਦੇ ਪਿੰਡਾਂ ਵਿਚ ਮੁੱਢਲੇ ਰੂਪ 'ਚ ਪੈਰ ਲੱਗਣੇ ਨੌਜਵਾਨਾਂ ਦੀ ਬਦਲਵੀਂ ਸੋਚ ਦਾ ਸੂਚਕ ਕਿਹਾ ਜਾ ਸਕਦਾ ਹੈ। ਸਰਵੇਖਣ ਵਿਚ ਪੇਸ਼ ਕੀਤੀ ਗਈ ਹਾਲਤ ਸਮੁੱਚੇ ਮਾਲਵੇ ਦੇ ਪਿੰਡਾਂ ਅਤੇ ਕਸਬਿਆਂ ਤੇ ਸ਼ਹਿਰਾਂ ਦੀ ਹੈ। ਅੰਤ ਵਿਚ ਸਿਰਫ ਕਿਹਾ ਜਾ ਸਕਦਾ ਹੈ ਕਿ ਮਾਲਵੇ ਦੀ ਧਰਤੀ, ਜਿਸ ਤੇ ਛੇਵੀਂ ਪਾਤਸ਼ਾਹੀ ਅਤੇ ਨੌਵੀਂ ਪਾਤਸ਼ਾਹੀ ਦੇ ਪੈਰਾਂ ਦੇ ਅਮਿੱਟ ਨਿਸ਼ਾਨ ਹੋਣ ਅਤੇ ਤਲਵੰਡੀ ਦਮਦਮਾ ਸਾਹਿਬ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਆਪਣੇ ਜੀਵਨ ਸਿੱਖ ਸੰਗਤ ਦੇ ਲੇਖੇ ਲਾ ਕੇ ਆਦਿ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ ਹੋਵੇ ਅਤੇ ਦੀਨਾ ਸਾਹਿਬ ਵਿਖੇ ਉਸ ਸਮੇਂ ਦੇ ਜ਼ਾਲਮ ਹੁਕਮਰਾਨ ਔਰਗਜ਼ੇਬ ਦੀ ਆਤਮਾ ਨੂੰ ਝੰਜੋੜਨ ਲਈ ਜਫਰਨਾਮਾ ਰਚਿਆ ਹੋਵੇ ਤੇ ਉਸ ਧਰਤੀ ਤੇ ਇਸ ਤਰ੍ਹਾਂ ਦੀ ਸਥਿਤੀ ਪੈਦਾ ਹੋਣੀ ਸਿੱਖ ਪ੍ਰਚਾਰਕਾਂ, ਸੰਤ, ਸ਼ਖਸੀਅਤਾਂ, ਸਿੱਖ ਆਗੂਆਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਇਕ ਗੰਭੀਰ ਚੁਣੌਤੀ ਹੈ।

ਸਮੇਂ ਦੀ ਮੰਗ ਹੈ ਕਿ ਹਰ ਸਿੱਖ ਅੰਮ੍ਰਿਤ ਛਕੇ ਆਪਣੇ ਬੱਚਿਆਂ ਦੇ ਕੇਸਾਂ ਦੀ ਸੰਭਾਲ ਕਰੇ ਗੁਰ ਇਤਿਹਾਸ ਤੋਂ ਆਪਣੇ ਪਰਿਵਾਰ ਨੂੰ ਜਾਣੂ ਕਰਵਾਏ। ਤਾਂ ਹੀ ਤੁਸੀਂ ਸਰਦਾਰ ਰਹਿ ਸਕੋਗੇ। ਸੋਚੋ ਤੇ ਵਿਚਾਰੋ ਤੁਹਾਡੇ ਬੱਚੇ ਸਰਦਾਰ ਸਿੰਘ ਹੋਣਗੇ। ਸਿੱਖ ਕੌਮ ਦੇ ਆਗੂਓ ਜੇ ਤੁਸੀਂ ਇਸ ਪਾਸੇ ਧਿਆਨ ਨਾ ਦਿਤਾ ਤਾਂ ਤੁਹਾਨੂੰ ਇਤਿਹਾਸ ਕਦੇ ਮਾਫ਼ ਨਹੀਂ ਕਰੇਗਾ। ਸੋਚੋ ਤੁਹਾਡੇ ਪੁੱਤ ਪੋਤਰੇ ਸਰਦਾਰ ਹੋਣਗੇ। ਸੋਚੋ ਜੀ

---

(ਪੰਨਾ ੩੩ ਦਾ ਬਾਕੀ ...)

ਕਿਸੇ ਦੀ ਮ੍ਰਿਤੂ ਪਿਛੋਂ ਉਸ ਦੀ ਯਾਦ ਲਈ ਗੁਰਮੁਖੀ ਅਖਰਾਂ ਵਿੱਚ ਲਿਖਿਆ ਪੱਥਰ ਐਸੇ ਥਾਂ ਤੇ ਨਹੀਂ ਲਾਣਾ ਚਾਹੀਦਾ ਕਿ ਕਿਸੇ ਦਾ ਪੈਰ ਉਪਰ ਆਵੇ।

ਗੁਰਸਿੱਖ ਨੂੰ ਕਿਸੇ ਪਿਆਉ ਉਤੇ ਬਿਨਾ ਮਾਂਜੇ, ਵਰਤੇ ਜਾਣ ਵਾਲੇ ਗਲਾਸ ਦੇ ਵਿੱਚ ਪਾਣੀ ਨਹੀਂ ਪੀਣਾ ਚਾਹੀਦਾ, ਕਿਉਂ ਕਿ ਉਹ ਸਭ ਦਾ ਜੂਠਾ ਹੁੰਦਾ ਹੈ।

ਗੁਰਬਾਣੀ (ਗੁਰਮੁਖੀ) ਦੇ ਪੱਤ੍ਰੇ ਅਤੇ ਗੁਰੂਆਂ ਦੀਆਂ ਤਸਵੀਰਾਂ ਦੇ ਲਿਫ਼ਾਫ਼ੇ ਬਣਾ ਕੇ ਦੁਕਾਨਾਂ ਤੇ ਵਰਤਣ ਦੀ ਸਭ ਲਈ ਬੰਦਸ਼ ਹੋਣੀ ਚਾਹੀਦੀ ਹੈ।

ਜੇ ਕਿਸੇ ਧਾਰਮਕ ਜਾਂ ਰਾਜਸੀ ਵਾਦ ਵਿਵਾਦ ਦਾ ਫ਼ੈਸਲਾ ਕਰਨਾ ਪਵੇ ਤਾਂ ਉਸ ਨੂੰ ਸੱਚਾਈ ਦੇ ਅਧਾਰ ਤੇ ਹੀ ਨਿਪਟਾਣਾ ਚਾਹੀਦਾ ਹੈ।

ਹਰ ਗੱਲ ਦੀ (ਵਿਚੋਲਗੀ) ਨਿਰਪੱਖਤਾ, ਸੱਚ ਅਤੇ ਨਿਆਇ ਦੇ ਅਧਾਰ ਤੇ ਕਰਨੀ ਚਾਹੀਦੀ ਹੈ, ਧੜੇ ਦੇ ਨਹੀਂ।

ਉਹ ਸਿੱਖ ਸਿੱਖੀ ਨੂੰ ਢਾਹ ਲਾਣ ਦਾ ਭਾਗੀ ਹੁੰਦਾ ਹੈ, ਜੋ ਲੋਕਾਂ ਨੂੰ ਸਿੱਖੀ ਵਿੱਚ ਪੱਕੇ ਰਹਿਣ ਦਾ ਉਪਦੇਸ਼ ਕਰੇ ਪਰ ਆਪ ਕੁਕਰਮ ਸਮੇਂ ਡੋਲ ਜਾਵੇ।

ਜਹਾਜ ਰਾਹੀਂ ਜਲੂਸਾਂ ਤੇ ਫੁੱਲਾਂ ਦੀ ਵਰਖਾ ਸਮੇਂ ਉਹ ਇਸ਼ਤਿਹਾਰ ਨਹੀਂ ਸੁੱਟਣੇ ਚਾਹੀਦੇ ਜਿਨਾਂ ਉੱਤੇ ਗੁਰੂ ਸਾਹਿਬ ਦੀ ਫੋਟੋ ਜਾਂ ਬਾਣੀ ਲਿੱਖੀ ਹੋਵੇ।

ਧਾਰਮਿਕ ਦੀਵਾਨਾ ਸਮੇਂ ਕਿਸੇ ਕਵੀ ਜਾਂ ਵੱਕਤਾ ਬਾਰੇ ਇਹ ਕਹਿਣਾ ਅਯੋਗ ਗੱਲ ਹੈ ਕਿ ਇਨ੍ਹਾਂ ਨੇ ਸਮਾਂ ਦੇ ਕੇ ਸਾਧ ਸੰਗਤ ਦਾ ਮਾਣ ਵਧਾਇਆ ਹੈ।

ਕਿਸੇ ਵਿਅਕਤੀ ਦੇ ਨਾਂ ਨਾਲ ਭਾਈ ਗੁਰਦਾਸ ਜੀ, ਬਾਬਾ ਬੁੱਢਾ ਜੀ ਆਦਿ ਦਾ ਨਾਂ ਜੋੜਨਾ ਭਾਰੀ ਭੁੱਲ ਅਤੇ ਇਨਾਂ ਮਹਾਨ ਹਸਤੀਆਂ ਦੀ ਅਵੱਗਿਆ ਹੈ।



www.AKJ.Org

# ਦੁਬਿਧਾ ਦੂਰ ਕਰਹੁ

(ਭਾਈ ਜੋਧ ਸਿੰਘ ਜੀ ਦੀ ਚਿੱਠੀ ਦਾ ਦੂਜਾ ਭਾਗ )

ਅੰਤਕਾ 1

## ਇਤਿਹਾਸਿਕ ਹਵਾਲੇ

(1) ਬਾਬਾ ਬੰਦਾ ਸਿੰਘ ਬਹਾਦਰ ਮਗਰੋਂ ਖਾਲਸਾ ਪੰਥ ਦੇ ਦੋ ਧੜੇ ਹੋ ਗਏ। ਮਾਤਾ ਸੁੰਦਰ ਕੌਰ ਜੀ ਨੇ ਦਿੱਲੀ ਤੋਂ ਆਦੇਸ਼ ਦੇ ਕੇ ਸੁਲਾਹ ਕਰਵਾ ਦਿੱਤੀ ਅਤੇ ਅੱਗੇ ਵਾਸਤੇ ਹੁਕਮ ਕੀਤਾ ਕਿ ਸਿੱਖ ਕੌਮ ਅੰਮ੍ਰਿਤਸਰ ਸਾਹਿਬ ਵਿਖੇ ਇਕਠ ਕਰਕੇ ਗੁਰਮਤਾ ਕਰਕੇ ਫੈਸਲਾ ਕਰ ਲਿਆ ਕਰੇ ਜਿਸ ਨਾਲ ਸਮੁੱਚੀ ਸਿਖ ਕੌਮ ਦਾ ਭਲਾ ਹੁੰਦਾ ਹੋਵੇ।

(੨) ਪਹਿਲੇ ਘਲੂਘਾਰੇ ਅੰਦਰ ਸੱਤ ਹਜ਼ਾਰ ਸਿੱਖ ਸ਼ਹੀਦ ਹੋਏ ਅਤੇ ਤਿੰਨ ਹਜ਼ਾਰ ਸਿੱਖ ਬੀਬੀਆਂ ਬੱਚੇ ਫੜਕੇ ਲਾਹੌਰ ਵਿੱਚ ਅਸਹਿ ਅਤੇ ਅਕਹਿ ਤਸੀਹੇ ਦੇ ਦੇ ਕੇ ਸ਼ਹੀਦ ਕੀਤੇ ਗਏ।

(3) ਸਿੱਖ ਜੰਗਲਾਂ ਵਿਚ ਛੁਪ ਜਾਂਦੇ ਸਨ ਪਰ ਮੀਰ ਮੰਨੂ ਨੇ ਜੰਗਲਾਂ ਨੂੰ ਕਟਾਉਣ ਦਾ ਹੁਕਮ ਜਾਰੀ ਕਰ ਦਿੱਤਾ ਤਾਂ ਕਿ ਸਿਖ ਗੋਰੀਲਾ ਲੜਾਈ ਭੀ ਨਾ ਲੜ ਸਕਣ ਅਤੇ ਜੰਗਲਾਂ ਵਿਚ ਰਹਿ ਕੇ ਜ਼ਿੰਦਾ ਨਾ ਰਹਿਣ। ਸਿਖਾਂ ਤੇ ਹੋਏ ਜ਼ੁਲਮਾਂ ਦਾ ਵਰਨਣ ਕਰਨਾ ਲਿਖਣ ਤੋਂ ਬਾਹਰ ਹੈ। ਸਿਰਾਂ ਵਿੱਚ ਕਿਲ ਗੜਵਾਏ ਗਏ। ਢਿੱਡ ਪੜਵਾਏ ਗਏ। ਚਰਖੜੀਆਂ ਤੇ ਚੜ੍ਹਾਏ ਗਏ। ਇਸ ਲਈ ਸਿਖ ਛੋਟੇ ਛੋਟੇ ਟੋਲਿਆਂ ਵਿਚ ਲੁਕ ਛਿਪ ਕੇ ਫਿਰਨ ਲੱਗ ਪਏ।

(4) ਸੰਨ 1834 ਵਿੱਚ ਨਵਾਬ ਕਪੂਰ ਸਿੰਘ ਜੀ ਨੇ ਇਨ੍ਹਾਂ ਟੋਲਿਆਂ ਨੂੰ ਇਕੱਠਾ ਕੀਤਾ, ਅਤੇ ਖਾਲਸਾ ਦਲ ਦੇ ਦੋ ਦਲ ਬਣਾ ਦਿੱਤੇ। ਚਾਲੀ ਸਾਲ ਦੀ ਉਮਰ ਤੋਂ ਉਪਰ ਬੁੱਢਾ ਦੱਲ ਵਿੱਚ ਅਤੇ 40 ਸਾਲ ਦੀ ਉਮਰ ਤੋਂ ਘਟ ਉਮਰ ਵਾਲੇ ਤਰਨਾ-ਦਲ ਵਿੱਚ ਸ਼ਾਮਿਲ ਕੀਤੇ ਗਏ। ਬੁੱਢਾ ਦਲ ਨੂੰ ਧਰਮ ਪ੍ਰਚਾਰ ਅਤੇ ਗੁਰ ਅਸਥਾਨਾਂ ਦੀ ਰਖਿਆ ਦੀ ਸੇਵਾ ਦਿੱਤੀ ਗਈ ਅਤੇ ਤਰਨਾ ਦਲ ਨੂੰ ਸਮੁੱਚੀ ਸਿਖ ਕੌਮ ਦੀ ਰਖਿਆ ਦੀ ਸੇਵਾ ਹਿਸੇ ਵਿਚ ਆਈ। ਤਰਨਾ-ਦਲ ਦੀ ਅਗਵਾਈ ਬੁੱਢਾ ਦਲ ਕੋਲ ਹੀ ਰਹੀ।

(5) ਮਿਤੀ 14-10-1745 ਨੂੰ ਮਾਤਾ ਜੀ ਸੁੰਦਰ ਕੌਰ ਜੀ ਦੇ ਹੁਕਮ ਅਨੁਸਾਰ ਸਿੱਖ ਕੌਮ ਦਾ ਪਹਿਲਾ ਇੱਕਠ ਅੰਮ੍ਰਿਤਸਰ ਵਿਖੇ ਹੋਇਆ। ਗੁਰਮਤੇ ਅਨੁਸਾਰ ਸੌ ਸੌ ਸਿੱਖਾਂ ਦੇ ੨5 (ਪੰਝੀ) ਜੱਥੇ ਬਣਾਏ ਗਏ। ੨5 ਜਥੇ ਦਾਰ ਬਹਾਦਰੀ ਨੂੰ ਮੁਖ ਰਖਕੇ ਥਾਪੇ ਗਏ। ਇਹ ੨5 ਜਥੇਦਾਰ ਆਪਣੇ ਆਪਣੇ ਜੱਥੇ ਦੀ ਪੂਰੀ ਤਰ੍ਹਾਂ ਅਗਵਾਈ ਕਰਦੇ ਰਹੇ। ਤਰਨਾ ਦੱਲ ਦੇ ਸਿੱਖ ਇਨ੍ਹਾਂ ਜਥੇਦਾਰਾਂ ਦੇ ਇਸ਼ਾਰੇ ਤੇ ਸ਼ਹੀਦੀਆਂ ਪ੍ਰਾਪਤ ਕਰਦੇ ਰਹੇ। ਇਸ ਦਲ ਖਾਲਸਾ ਨੇ ਸਭ ਤੋਂ ਪਹਿਲਾਂ ਫਗਵਾੜਾ, ਬਜਵਾੜਾ, ਜਲੰਧਰ ਅਤੇ ਬਟਾਲਾ ਦੇ ਸਰਕਾਰੀ ਪਿਠੂਆਂ ਨੂੰ ਸਭ ਤੋਂ ਪਹਿਲਾਂ ਸੋਧਿਆ।

(6) ਮਿਤੀ ੨੭-3-1748 ਨੂੰ ਵਿਸਾਖੀ ਦੇ ਉਤਸਵ ਤੇ ਦੂਜੀ ਇਕੱਤ੍ਰਤਾ ਅੰਮ੍ਰਿਤਸਰ ਵਿੱਚ ਹੋਈ। ਇਨ੍ਹਾਂ ੨5 ਜਥਿਆਂ ਦਾ ਇਕ ਜਥਾ ਬਣਾ ਕੇ ਸ: ਜੱਸਾ ਸਿੰਘ ਆਹਲੂਵਾਲੀਆਂ ਨੂੰ ਇਸ ਦਾ ਜਥੇਦਾਰ ਬਣਾ ਦਿੱਤਾ ਗਿਆ। ਸਭ ਕਾਰਜ ਗੁਰਮਤੇ ਰਾਹੀਂ ਹੀ ਹੋਇਆ।

(7) ਸਮੇਂ ਦੇ ਗੇੜ ਨਾਲ ਇਸ ਇਕ ਦੇ 1੨ ਜਥੇ ਬਣਾਏ ਗਏ ਜੋ ਬਾਅਦ ਵਿੱਚ ਬਾਰਾਂ ਮਿਸਲਾਂ ਦੇ ਨਾਮ ਨਾਲ ਮਸ਼ਹੂਰ ਹੋਏ। ਨੌਜਵਾਨ ਸਿਖਾਂ ਨੂੰ ਕਿਸੇ ਭੀ ਜਥੇਦਾਰ ਹੇਠ ਇਨ੍ਹਾਂ ਮਿਸਲਾਂ ਵਿੱਚ ਸ਼ਾਮਿਲ ਹੋਣ ਦੀ ਆਪਣੀ ਮਰਜ਼ੀ ਅਨੁਸਾਰ ਖੁੱਲ ਸੀ। ਉਹ ਆਪਣੇ ਆਪਣੇ ਜਥੇਦਾਰ ਦੀ ਅਗਵਾਈ ਅਨੁਸਾਰ ਕੰਮ ਕਰਦੇ ਸਨ। ਪਰ ਵੱਡੇ ਖਤਰੇ ਵੇਲੇ ਸਭ ਜਥੇਦਾਰ ਇਕਠੇ ਹੋ ਕੇ ਆਪਣੇ ਵਿਚੋਂ ਮੁਖੀ ਜਥੇਦਾਰ ਚੁਣ ਲੈਂਦੇ ਅਤੇ ਧਰਮ ਯੁੱਧ ਵਿੱਚ ਸ਼ਾਮਿਲ ਹੋ ਜਾਂਦੇ। ਸ਼ਲਾਘਾ ਯੋਗ ਗੱਲ ਇਹ ਸੀ ਕਿ ਮੁਖੀ ਜਥੇਦਾਰ ਨੂੰ ਰਾਜਾ ਸਮਾਨ ਅਤੇ ਬਾਕੀ ਜਥੇਦਾਰਾਂ ਨੂੰ ਵਜ਼ੀਰਾਂ ਸਮਾਨ ਸਮਝਿਆ ਜਾਂਦਾ ਸੀ ਅਤੇ ਬਾਕੀ ਫੌਜਾਂ ਉਨ੍ਹਾਂ ਦੇ ਅਧੀਨ ਚਲਦੀਆਂ ਸਨ। ਇਕ ਮੁੱਠ ਹੋ ਕੇ ਜਿੱਤ ਪ੍ਰਾਪਤ ਕਰਦੇ। ਇਸ ਤੋਂ ਬਾਅਦ ਫੇਰ ਆਪਣੀ ਆਪਣੀ ਜਥੇਦਾਰੀ ਸੰਮ੍ਹਾਲ ਲੈਂਦੇ।



www.AKJ.Org

(8) ਕੁੱਝ ਸਮੇਂ ਬਾਅਦ ਇਹ ਇਕਤ੍ਰਤਾ ਸਾਲ ਵਿੱਚ ਦੋ ਵਾਰੀ ਹੋਣ ਲੱਗ ਪਈ, ਇਕ ਦਿਵਾਲੀ ਦੇ ਉਤਸਵ ਤੇ ਦੂਜੀ ਵੈਸਾਖੀ ਮੌਕੇ। ਸਮੁੱਚੀ ਸਿਖ ਕੌਮ ਜਥੇਦਾਰਾਂ ਸਮੇਤ ਅੰਮ੍ਰਿਤਸਰ ਵਿਖੇ ਇਕਠੇ ਹੋ ਕੇ ਕੌਮ ਦੀ ਭਲਾਈ ਖਾਤਰ ਗੁਰਮਤੇ ਪਾਸ ਕਰਦੀ ਸੀ। ਮਗਰੋਂ ਸਭ ਜਥੇ ਆਪਣੀ ਆਪਣੀ ਸੁਤੰਤਰਤਾ ਕਾਇਮ ਰਖਦੇ ਸਨ। ਇਸ ਇਕਠ ਨੂੰ ਸਰਬੱਤ ਖਾਲਸਾ ਦਾ ਇੱਕਠ ਵੀ ਲਿਖਿਆ ਹੈ।

(9) ਤਨਖਾਹ ਦਾ ਕੋਈ ਸਿਸਟਮ ਨਹੀਂ ਸੀ। ਸਰਕਾਰੀ ਮਾਲ ਦੀ ਲੁੱਟ ਵਿਚੋਂ ਹੀ ਹਿੱਸੇ ਵੰਡੇ ਜਾਂਦੇ ਸਨ। ਧਰਮ ਯੁੱਧ .ਤੋਂ ਵਿਹਲੇ ਸਮੇਂ ਉਹ ਆਪੋ ਆਪਣੀ ਕ੍ਰਿਤਿ ਬ੍ਰਿਤਿ ਕਰਦੇ ਸਨ। ਇਹ ਜਥੇਦਾਰਾਂ, ਸਰਦਾਰਾਂ ਅਤੇ ਸਿਪਾਹੀਆਂ ਦਾ ਭਾਈਚਾਰਾ ਸੀ ਜਿਸਦਾ ਨਿਸ਼ਾਨਾ ਤੇ ਮਿਸ਼ਨ ਕੇਵਲ ਸਿਖ ਕੌਮ ਦੀ ਭਲਾਈ ਸੀ, ਧਰਮ ਪ੍ਰਚਾਰ ਸੀ। ਸਾਰੇ ਸਾਂਝੀਵਾਲਾਂ ਦੇ ਇਕੋ ਜਿਹੇ ਹਕ ਸਨ। ਯੁੱਧ ਸਮੇਂ ਖਾਣਾ ਪੀਣਾ ਭੀ ਸਾਂਝਾ, ਕੜਾਕਾ ਭੀ ਸਾਂਝਾ ਸੀ। ਕਿਸੇ ਜਥੇਦਾਰ ਜਾਂ ਸਰਕਾਰ ਨੂੰ ਲੰਗਰ ਮਿਲੇ ਅਤੇ ਫੌਜੀ ਕੜਾਕੇ ਕਟਣ ਇਹ ਕਦੀ ਨਹੀਂ ਸੀ ਹੁੰਦਾ, ਚਾਹੇ ਤਿੱਲ ਮਿਲੇ ਵੰਡ ਕੇ ਛਕਣ ਦਾ ਹੁਕਮ ਸੀ।

(10) ਅਠਾਰਵੀਂ ਸਦੀ ਵਿੱਚ ਜਦੋਂ ਨਵਾਬ ਕਪੂਰ ਸਿੰਘ ਜੀ, ਸ੍ਰ: ਜੱਸਾ ਸਿੰਘ ਆਹਲੂਵਾਲੀਆ, ਸ੍ਰ: ਜੱਸਾ ਸਿੰਘ ਰਾਮਗੜੀਆ, ਸ੍ਰ: ਚੜ੍ਹਤ ਸਿੰਘ ਸ਼ੁਕਰਚਕੀਆ ਆਦਿ ਆਦਿ ਮਿਸਲਾਂ ਦੇ ਸਰਦਾਰ ਬਣਾਏ ਗਏ ਤਾਂ ਇਨ੍ਹਾਂ ਬਾਰਾਂ ਮਿਸਲਾਂ ਦਾ ਕੰਮ ਤੇ ਪ੍ਰਬੰਧ ਲੋਕਤੰਤਰ ਨਾ ਹੁੰਦਿਆਂ ਹੋਇਆ ਭੀ ਲੋਕਤੰਤਰ ਜੈਸਾ ਪ੍ਰਬੰਧ ਹੀ ਚਲਦਾ ਰਿਹਾ।

(11) ਚਾਹੇ ਉਸ ਸਮੇਂ ਦੀਆਂ ਸਿੱਖ ਫੌਜਾਂ ਦੀ ਗਿਣਤੀ ਦਾ ਹਵਾਲਾ ਕਿਧਰੇ ਨਹੀਂ ਮਿਲਦਾ ਪਰ ਸਿਖ ਸਰਦਾਰਾਂ ਦੀ ਮਹਾਰਾਜਾ ਜੋਧਪੁਰ ਨਾਲ ਜੋ ਸੰਧੀ ਹੋਈ ਉਸ ਤੋਂ ਪਤਾ ਲਗਦਾ ਹੈ ਕਿ ਸਿਖਾਂ ਵਲੋਂ 50 ਹਜ਼ਾਰ ਘੋੜ ਸਵਾਰ ਫੌਜ ਭੇਜਣ ਦਾ ਵਚਨ ਦਿੱਤਾ ਗਿਆ। 50 ਹਜ਼ਾਰ ਘੋੜ ਸਵਾਰ ਭੇਜਣ ਮਗਰੋਂ, ਪਿਛੋਂ ਤੋਪਚੀ, ਪੈਦਲ ਫੌਜਾਂ ਲਖਾਂ ਵਿੱਚ ਜ਼ਰੂਰ ਹੋਣਗੀਆਂ।

(12) ਕਿਸੇ ਹੁਕਮ ਦੀ ਉਲੰਘਣਾ ਦਾ ਨਿਰਣਾ ਕੇਵਲ ਪੰਜ ਪਿਆਰੇ ਹੀ ਕਰਦੇ ਸਨ ਜੋ ਜਥੇਦਾਰਾਂ ਵਿਚੋਂ ਹੀ ਚੁਣੇ ਜਾਂਦੇ ਸਨ ਅਤੇ ਜਥੇਦਾਰ ਹੀ ਆਪਣਾ ਮੁਖੀ ਜਥੇਦਾਰ ਚੁਣਕੇ ਸਰਬ ਸੰਮਤੀ ਦੁਆਰਾ ਨਿਰਣਾ ਕਰਦੇ ਸਨ।

(13) ਜੇਕਰ ਪੰਜਾਂ ਪਿਆਰਿਆਂ ਵਿੱਚ ਕਦੀ ਅਸਹਿਮਤਾ ਭੀ ਹੋ ਜਾਵੇ, ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਅਰਦਾਸਾ ਸੋਧ ਕੇ ਤੁਰੰਤ ਹੁਕਮਨਾਮਾ ਲੈ ਕੇ ਨਿਰਣਾ ਕਰਵਾ ਲੈਂਦੇ। ਬਹੁ-ਗਿਣਤੀ ਦੇ ਆਧਾਰ ਤੇ ਕਦਾਚਿੱਤ ਨਹੀਂ ਸੀ ਹੁੰਦਾ। ਜੋ ਕਰਦੇ ਗੁਰੂ ਨਾਲ ਇਕ ਰੂਪ ਹੋ ਕੇ ਕਰਦੇ। ਕਿਉਂਕਿ ਪੰਜਾਂ ਪਿਆਰਿਆਂ ਦੇ ਅਧਿਕਾਰਾਂ ਤੋਂ ਉਪਰ ਅਧਿਕਾਰ ਕੇਵਲ ਗੁਰੂ ਸਾਹਿਬ ਜੀ ਦੇ ਹਨ। ਭਾਵ ਗੁਰੂ ਗੱਦੀ ਦੇ ਮਾਲਿਕ, ਪਰਤੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਨ। ਹੋਰ ਕਿਸੇ ਵਿਅਕਤੀ, ਪੰਚਾਇਣ, ਕਮੇਟੀ ਜਾਂ ਸੰਗਤਿ ਕੋਲ ਇਹ ਅਧਿਕਾਰ ਨਹੀਂ ਸੀ।

ਅੰਤਕਾ ੨

## *ਭਾਈ ਸਾਹਿਬ ਜੀ ਦੀਆਂ ਰਚਨਾਵਾਂ ਵਿਚੋਂ ਹਵਾਲੇ*

ਕੀਰਤਨ: ਪੂਰਨ ਗਿਆਨ

1. ਹਰਿ ਕੀਰਤਨ ਰੂਪੀ ਸਿਫਤ ਸਾਲਾਹ ਤੋਂ ਉਪਰ ਕੋਈ ਗਿਆਨ ਨਹੀਂ ਹੈ
2. ਗੁਰਬਾਣੀ ਰੂਪੀ ਜੋ ਗੁਰ ਵਾਕ ਹਨ, ਗੁਰਬਾਣੀ ਅੰਮ੍ਰਿਤ ਰੂਪ ਹੈ, ਇਹ ਅੰਮ੍ਰਿਤ ਬਚਨ ਹਨ, ਜੋ ਇਨ੍ਹਾਂ ਅੰਮ੍ਰਿਤ ਬਚਨਾਂ ਨੂੰ ਬੋਲਦਾ ਹੈ, ਤਿਸਦੇ ਮੂੰਹ ਵਿੱਚ ਅੰਮ੍ਰਿਤ ਪੈਂਦਾ ਹੈ।
3. ਸਤਿਗੁਰ ਦੇ ਸਮੂਹ ਬਚਨਾਂ ਰੂਪੀ ਗੁਰਮਤਿ ਬਿਬੇਕ ਹੁਕਮ ਕਮਾਵਣੇ ਗੁਰਮਤਿ ਬਿਬੇਕ ਹੈ। ਸਿਫਿਤ ਸਾਲਾਹ ਰੂਪੀ ਉਚ ਤੇ ਸਾਰ ਗੁਰਮਤਿ ਬਿਬੇਕ ਦੇ ਸੰਗ ਸਾਥ ਆਨ ਗੁਰਬਚਨਾਂ ਦਾ ਅਰਥਾਤ ਸਤਿਗੁਰੂ ਦੇ ਸਮੂਹ ਬਚਨਾਂ ਦਾ ਭੀ ਕਮਾਵਣਾ ਗੁਰਮਤਿ ਬਿਬੇਕ ਹੈ


www.AKJ.Org

ਤੱਤ ਬਿਬੇਕ 4. ਸਤਿਗੁਰੂ ਦੇ ਮੁਖ ਬਚਨ, ਅਥਵਾ ਸਾਰ-ਹੁਕਮ-ਸਿਫਤ ਸਾਲਾਹ ਦਾ ਕਮਾਵਣਾ, ਸਾਧਣ ਲਈ ਅਤੇ ਸਾਧਨ ਸਪੰਨ ਕਰਮ ਵੀ ਹਨ ਕਿਉਂਕਿ ਪਹਿਲੀ ਅਰਥਾਤ ਜਗਿਆਸਾ ਬਵਸਥਾ ਵਿਖੇ ਨਾਮ ਜਪਣ ਦੀ ਘਾਸੀ ਪੈਣੀ ਅਤੇ ਨਾਮ ਨਾਲ ਜੁਟਣਾ ਅਸੰਭਵ ਹੈ ਜਦ ਤਾਂਈ ਉਹ ਗੁਰਮਤਿ ਸੰਜਮ ਅਤੇ ਸਾਧਨ ਨਾ ਵਰਤੇ ਜਾਣ ਜੋ ਗੁਰਮਤਿ ਅੰਦਰ ਨਾਮ ਸਿਫਤ ਸਾਲਾਹ ਦੇ ਸਹਾਈ ਰੂਪ ਹਨ, ਇਸ ਲਈ ਇਨ੍ਹਾਂ ਸੰਜਮਾਂ ਦਾ ਕਮਾਇਆ ਜਾਣਾ ਭੀ ਗੁਰਮਤਿ ਬਿਬੇਕ ਅੰਦਰ ਦਾਖਲ ਹੈ ਗੁਰਮਤਿ ਇਸ਼ਨਾਨ 5. ਗੁਰਮਤਿ ਇਸ਼ਨਾਨ ਅਥਵਾ ਅੰਮ੍ਰਿਤ ਇਸ਼ਨਾਨ, ਅੰਮ੍ਰਿਤ ਵੇਲੇ ਉੱਦਮ ਧਾਰ ਕੇ ਉਠ ਕੇ ਇਸ਼ਨਾਨ ਕਰਕੇ ਨਾਮ ਜਪਣ ਨਾਲ ਹੀ ਅੰਮ੍ਰਿਤ ਇਸ਼ਨਾਨ ਜਾਂ ਗੁਰਮਤਿ ਇਸ਼ਨਾਨ ਹੁੰਦਾ ਹੈ।

ਅੰਮ੍ਰਿਤ ਵੇਲਾ 6. ਅੰਮ੍ਰਿਤ ਵੇਲੇ, ਪਹਿਰ ਰਾਤ ਰਹਿੰਦੀ, ਉਠਣ ਦਾ ਉਦਮ ਧਾਰਨਾ ਹੈ।

ਸੱਚਾ ਇਕਾਂਤ 7. ਸੱਚਾ ਇਕਾਂਤ ਤੇ ਸ਼ਾਂਤਮਈ ਗੁਫਾ ਅਸਥਾਨ ਕਲਜੁਗ ਵਿੱਚ ਅਖੰਡ ਕੀਰਤਨ ਅਥਵਾ ਅਖੰਡ ਪਾਠ ਦੇ ਸਮਾਗਮ ਤੋਂ ਵਧ ਕੇ ਹੋਰ ਕੋਈ ਸਤਿਸੰਗ ਨਹੀਂ ਹੈ।

ਹੋਰ ਗੁਰਮਤਿ ਅਸੂਲ

8. ਸੀਨਾ-ਬ-ਸੀਨਾ ਚਲੇ ਆ ਰਹੇ ਅਸੂਲ : ਖੰਡੇ ਦਾ ਅੰਮ੍ਰਿਤ ਛਕਣਾ :

ਗੁਰੂ ਘਰ ਦੇ ਅਨੇਕਾਂ ਧਾਰਮਿਕ ਨਿਯਮ ਹਨ ਜੋ ਕੇਵਲ ਸੀਨਾ-ਬ-ਸੀਨਾ ਹੀ ਸ੍ਰੀ ਦਸਮੇਸ਼ ਜੀ ਦੇ ਸਮੇਂ ਤੋਂ ਗੁਰੂ ਪੰਥ ਅੰਦਰ, ਗੁਰਸਿਖਾਂ ਅੰਦਰ, ਗੁਰੂ ਦੀਆਂ ਸੰਗਤਾਂ ਅੰਦਰ ਪ੍ਰਚਲਤ ਆ ਰਹੇ ਹਨ, ਜਿਨ੍ਹਾਂ ਪ੍ਰਥਾਇ ਗੁਰਬਾਣੀ ਅੰਦਰ ਕੋਈ ਪ੍ਰਮਾਣ ਨਹੀਂ ਮਿਲਦਾ। ਇਸ ਤੋਂ ਇਹ ਸਿੱਟਾ ਕੱਢ ਲੈਣਾ ਕਿ ਇਹ ਪ੍ਰਮਾਣੀਕ ਨਹੀਂ ਹੋ ਸਕਦੇ ਇਹ ਸਿਧਾਂਤ ਬਿਲਕੁਲ ਗਲਤ ਹੈ।

੯. ਗੁਰਦੁਆਰਿਆਂ ਦੀ ਯਾਤਰਾ ਕਿਉਂ ਕਰਨੀ ਚਾਹੀਦੀ ਹੈ, ਕਿਉਂਕਿ ਇਹ ਗੁਰੂ ਦਾ ਹੁਕਮ ਹੈ, "ਜਿਥੈ ਜਾਇ ਬਹੈ ਮੇਰਾ ਸਤਿਗੁਰੂ ਸੋ ਥਾਨ ਸੁਹਾਵਾ ਰਾਮ ਰਾਜੇ॥ ਗੁਰ ਸਿਖੀ ਸੋ ਥਾਨ ਭਾਲਿਆ ਲੈ ਧੂਰ ਮੁਖ ਲਾਵਾ॥੨॥੧੨॥੧੯॥" (ਪੰਨਾ ੪੫੦)

10. ਸ਼ਸਤਰਾਂ ਦਾ ਸਤਿਕਾਰ : ਹੁਕਮ ਹੈ, "ਜਿਤੇ ਸ਼ਸ਼ਤ੍ਰ ਨਾਮੰ॥ ਨਮਸਕਾਰ ਤਾਮੰ॥ ਜਿਤੇ ਅਸਤ੍ਰ ਭੇਸੰ॥ ਨਮਸਕਾਰ ਤੇਯੰ॥

11. ਬਿਬੇਕੀ ਦਾ ਆਹਾਰ :

'ਹਰਿ ਚੇਤਿ ਖਾਹਿ ਤਿਨਾ ਸਫਲ ਹੈ' - ਸਫਲ ਕਮਾਈ ਵਾਲਾ ਖਾਣਾ ਸਤੋਗੁਣੀ ਹੈ। ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ॥" ਵਾਲੀ ਭਗਤਿ ਕਮਾਈ ਵਾਲੇ ਖਾਲਸਾ ਜੀ ਦੇ ਹੱਥੋਂ ਸਜਿਆ ਬਿਬੇਕ ਬਿੰਜਨੀ ਗੱਫਾ ਅਸਲ ਸਤੋਗੁਣੀ ਅੰਮ੍ਰਿਤ ਭੋਜਨ ਹੈ।

12. ਰੋਟੀ ਬੇਟੀ ਦੀ ਸਾਂਝ ਖਾਲਸਾ ਜੀ ਨਾਲ ਹੀ ਰੱਖਣੀ, ਆਨਮਤੀਆਂ ਨਾਲ ਨਹੀਂ ਰੱਖਣੀ।

13. ਖਾਲਸਾ ਧਰਮ ਸਭ ਧਰਮਾਂ ਵਿਚ ਸ੍ਰੇਸ਼ਟ ਧਰਮ :

"ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ" ਦਾ ਅੰਤਰੀਵ ਭਾਵ ਹੈ ਕਿ ਖਾਲਸਾ ਜੀ ਦੇ ਭਾਣੇ ਸਭ ਇਕ ਸਮਾਨ ਹਨ। ਕੀ ਹਿੰਦੂ, ਕੀ ਮੁਸਲਮਾਨ, ਕੀ ਚੂਹੜਾ ਕੀ ਚਮਾਰ, ਸਭ ਇਕ ਰੂਪ ਹਨ। ਕਿਸੇ ਨਾਲ ਰਾਗ ਨਹੀਂ, ਕਿਸੇ ਨਾਲ ਦਵੈਸ਼ ਨਹੀਂ, ਕਿਸੇ ਨਾਲ ਨਫ਼ਰਤ ਨਹੀਂ, ਕਿਸੇ ਨਾਲ ਖਾਸ ਖਸੂਸੀਅਤ ਵਾਲੀ ਗੁਰਬਤ ਨਹੀਂ, ਕਿਸੇ ਦਾ ਪੱਖ ਨਹੀਂ, ਕਿਸੇ ਨਾਲ ਧੜਾ ਨਹੀਂ, ਕਿਸੇ ਨਾਲ ਸ਼ਰੀਕਾ ਤਾਤ ਪਰਾਈ ਨਹੀਂ। ਹੋਰ ਅਰਥ ਡਰੂ ਬਹਾਨਾਬਾਜ਼ ਸਿੱਖ ਕਰਦੇ ਹਨ। (ਪੁਸਤਕ ਗੁਰਮਤਿ ਬਿਬੇਕ)

14. ਸੰਜਮ ਸੰਤੋਖ ਵਿਚ ਅਲਪ ਅਹਾਰ ਕਰਨਾ ਚਾਹੀਦਾ ਹੈ।

15. ਸਰਬ-ਲੋਹ ਬਿਬੇਕ : ਸਰਬ-ਲੋਹ ਦਾ ਧੁਰਾ ਅੰਮ੍ਰਿਤ ਸਮਾਗਮ ਤੋਂ ਹੀ ਬੱਝਦਾ ਹੈ; ਜੋ ਜੋ ਹੁਕਮ ਮਿਲਦੇ ਹਨ ਉਹ ਕਮਾਉਣੇ ਲਾਜ਼ਮੀ ਹਨ। ਇਥੋਂ ਹੀ ਨਾਮ ਦਾ ਤੋਰਾ ਤੁਰਦਾ ਹੈ। ਅਨੇਕਾਂ ਹੀ ਗੁਰਮਤਿ ਰਹਿਤਾਂ ਦ੍ਰਿੜ੍ਹ ਕਰਵਾਈਆਂ ਜਾਂਦੀਆਂ ਹਨ। ਸੂਰਬੀਰਤਾ ਦੀ ਸਪਿਰਿਟ ਨੂੰ ਖਾਲਸਾ ਜੀ ਅੰਦਰ ਕਾਇਮ ਰਖਣ ਲਈ


www.AKJ.Org

ਸਰਬ-ਲੋਹ ਦੀ ਰਹੁਰੀਤ ਚਲਾਈ। ਸਰਬ-ਲੋਹ ਦੁਆਰਾ ਹੀ ਖੰਡੇਧਾਰ ਅੰਮ੍ਰਿਤ ਕਲਾ ਵਰਤਾ ਕੇ 'ਨਾਨਕ ਨਾਮ ਚੜ੍ਹਦੀ ਕਲਾ' ਵਾਲੀ ਸਦਾ ਜਾਗਤ ਜੋਤਿ ਖਾਲਸਾ ਜੀ ਦੇ ਘਟ ਅੰਤਰ ਜਗਾਈ।

ਆਚਾਰ ਬਿਉਹਾਰ :

16. ਸਿੱਖ ਦਾ ਆਪਣਾ ਆਚਾਰ ਤੇ ਕਾਰ ਬਿਉਹਾਰ ਇਤਨਾ ਉਚਾ ਸੁੱਚਾ ਹੋਵੇ ਕਿ ਉਸ ਨੂੰ ਵੇਖ ਵੇਖ ਕੇ ਹੋਰਨਾਂ ਨੂੰ ਚਾਉ ਚੜ੍ਹੇ ਕਿ ਅਸੀਂ ਭੀ ਉਸ ਸਿਖ ਵਰਗੇ ਆਚਾਰ ਤੇ ਬਿਉਹਾਰ ਵਾਲੇ ਬਣ ਜਾਈਏ।

## ਅੰਤਕਾ 3

ਖਰੜਾ 'ਸੋਨ ਚਿੜੀ ਚੜ੍ਹੀ ਗੈਣਿ' ਵਿਚੋਂ ਹਵਾਲੇ

1. ਭਾਈ ਸਾਹਿਬ ਜੀ ਦੀਆਂ ਰਚਨਾਵਾਂ ਦੁਆਰਾ ਪਤਾ ਚਲਦਾ ਹੈ ਕਿ 'ਬਿਬੇਕੀ' ਕੋਈ ਵਖਰਾ ਫਿਰਕਾ ਨਹੀਂ ਹੈ। ਸਤਿਗੁਰੂ ਦੇ ਬਚਨ ਕਮਾਵਣੇ ਗੁਰਮਤਿ ਬਿਬੇਕ ਹੈ।

2. 'ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ' ਗੁਰਵਾਕ ਦਾ ਅੰਤਰੀਵ ਭਾਵ ਹੈ ਕਿ ਸ੍ਰਿਸ਼ਟੀ ਤੇ ਪੈਦਾ ਹੋਈ ਮਨੁਖ ਜਾਤਿ ਸਭ ਬਰਾਬਰ ਹੈ। ਊਚ ਨੀਚ, ਘਟ ਵੱਧ, ਬੁਰੀ ਭਲੀ ਆਦਿ ਜਾਤਿ ਦੇ ਵਿਸ਼ੇਸ਼ਣ ਨਹੀਂ ਹਨ। ਇਸ ਲਈ ਕਿਸੇ ਨਾਲ ਭੀ ਰਾਗ, ਦਵੈਸ਼, ਨਫ਼ਰਤ, ਪੱਖਬਾਜ਼ੀ, ਧੜੇਬਾਜ਼ੀ ਕਰਨਾ ਕਰਾਉਣਾ ਗੁਰਮਤਿ ਦੇ ਵਿਰੁੱਧ ਹੈ।

3. 'ਗੁਰੂ ਬੀਸ ਬਿਸਵੇ ਸੰਗਤਿ ਇਕੀ ਬਿਸਵੇ' ਦਾ ਅੰਤ੍ਰੀਵੀ ਭਾਵ :

ਇਹ ਗੁਰਬਾਣੀ ਨਹੀਂ ਹੈ। ਇਸਦਾ ਭਾਵ ਕੱਢਣਾ ਕਿ ਗੁਰੂ ਨਾਲੋਂ ਸੰਗਤਿ ਦੇ ਅਧਿਕਾਰ ਉਚੇ ਹਨ ਸਹੀ ਨਹੀਂ ਹੈ।

(ੳ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰ-ਗੱਦੀ ਸੌਂਪ ਕੇ ਦਸਮੇਸ਼ ਪਿਤਾ ਨੇ ਗੁਰੂ ਕੀ ਦੇਹ ਦੇ ਕਾਰਜ ਕਰਨ ਦੀ ਬਖਸ਼ਿਸ਼ ਚੁਣੇ ਹੋਏ ਪੰਜਾਂ ਪਿਆਰਿਆਂ ਤੇ ਕੀਤੀ ਸੀ, ਸੰਗਤਿ ਤੇ ਨਹੀਂ।

(ਅ) ਬੀਸ ਬਿਸਵੇ ਦੇ ਅਰਥ ਹਨ - ਇਕ ਬਿਘਾ ਜ਼ਮੀਨ ਦੇ ਵੀਹਾਂ ਹਿੱਸਿਆਂ ਵਿਚੋਂ ਵੀਹ ਹਿਸੇ, ਭਾਵ ਮੁਕੰਮਲ, ਪੂਰਨ ਤੌਰ ਤੇ। ਇੱਕੀ ਬਿਸਵੇ ਦਾ ਭਾਲ ਹੈ ਮੁਕੰਮਲ ਤੋਂ ਵੱਧ, ਪੂਰਨ ਤੋਂ ਵੱਧ।

(ੲ) ਅੰਤ੍ਰੀਵੀ ਭਾਵ - ਜੇਕਰ ਗੁਰੂ ਸੰਗਤਿ ਵਿਚ ਵਸਿਆ ਹੋਵੇ ਅਤੇ ਸੰਗਤਿ ਇਕ ਰੂਪ ਹੋ ਕੇ ਗੁਰੂ ਨਾਲ ਇਕਮਿਕ ਹੋਈ ਹੋਈ ਹੋਵੇ, ਇਕ ਜੋਤਿ ਹੋ ਚੁਕੀ ਤਾਂ ਗੁਰੂ ਅਤੇ ਸੰਗਤਿ ਮਿਲਕੇ ਪੂਰਨ ਤੋਂ ਵੀ ਵੱਧ ਹੋ ਜਾਂਦੀ ਹੈ। ਪਰ ਜੇ ਐਸਾ ਨਾ ਹੋਵੇ, ਗੁਰੂ ਵਿਚ ਨਾ ਵਸਿਆ ਹੋਵੇ, ਸੰਗਤਿ ਗੁਰੂ ਨਾਲ ਇਕ ਰੂਪ ਨਾ ਹੋਈ ਹੋਈ ਹੋਵੇ ਤਾਂ 'ਸਤਿਗੁਰੂ ਬਾਝੋਂ ਸੰਗਤਿ ਨਾ ਹੋਈ' ਇਹ ਸੰਗਤਿ ਨਹੀਂ ਮਨੁੱਖਾਂ ਦਾ ਇਕੱਠ ਹੁੰਦਾ ਹੈ। ਮਨੁੱਖਾਂ ਦਾ ਇਕੱਠ ਸਤਿਗੁਰੂ ਨਾਲੋਂ ਉਪਰ ਕਿਸ ਤਰ੍ਹਾਂ ਗਿਣਿਆ ਜਾ ਸਕਦਾ ਹੈ। ਇਸ ਲਈ ਆਮ ਸੰਗਤਿ ਨੂੰ ਗੁਰੂ ਤੋਂ ਉਪਰ ਕਹਿਣਾ ਕਹਾਉਣ ਜਾਂ ਮੰਨਣਾ ਮਨਾਉਣਾ ਇਕ ਭੁਲੇਖਾ ਹੈ।

(ਸ) ਪੰਜ ਪਿਆਰੇ ਆਮ ਸੰਗਤਿ ਦਾ ਖਾਸ ਰੂਪ ਹੁੰਦੇ ਹਨ; ਇਕ ਸਿਖ, ਦੋ ਸਾਧ ਸੰਗਤਿ, ਪੰਜੀ ਪ੍ਰਮੇਸ਼ਰ ਦੇ ਅਨੁਸਾਰ ਪੰਜਾਂ ਪਿਆਰਿਆਂ ਦਾ ਦਰਜਾ ਇਕ ਸਿਖ ਨਾਲੋਂ ਅਤੇ ਸਾਧ ਸੰਗਤਿ ਨਾਲੋਂ ਵੱਧ ਹੀ ਬਣਦਾ ਹੈ, ਬਰਾਬਰ ਕੋਈ ਹੈ ਹੀ ਨਹੀਂ। ਗੁਰੂ ਨਾਲ ਇਕਮਿਕ ਹੋ ਕੇ ਪੰਜ ਪਿਆਰੇ ਪ੍ਰਮੇਸ਼ਰ ਸਮਾਨ (ਗੁਰ ਪ੍ਰਮੇਸ਼ਰ ਇਕੋ ਜਾਣੈ), ਦੋ ਸਿਖ ਸੰਗਤਿ ਸਮਾਨ ਅਤੇ ਇਕ ਸਿਖ, ਸਿਖ ਹੀ ਹੁੰਦਾ ਹੈ।

(ਹ) ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਸਾਜੇ ਹੋਏ ਪੰਜ ਪਿਆਰੇ 'ਪੀ ਅੰਮ੍ਰਿਤ ਅਘਾਨਿਆ ਗੁਰਿ ਅਮਰੁ ਕਰਾਇਆ' ਅਮਰ ਹਨ। ਉਨ੍ਹਾਂ ਦੇ ਸ਼ੁਭ ਨਾਮ ਗੁਰੂ ਸਾਹਿਬਾਨ ਦੇ ਸ਼ੁਭ ਨਾਵਾਂ ਨਾਲ ਅਰਦਾਸ ਵਿਚ ਸ਼ਾਮਿਲ ਹਨ, ਪਰ ਸੰਗਤ ਵਲੋਂ ਸਾਜੇ ਹੋਏ ਪੰਜ ਪਿਆਰੇ ਕੇਵਲ ਨੀਯਤ ਸਮੇਂ ਨਿਸ਼ਚਿਤ ਸਮਾਗਮ, ਅੰਮ੍ਰਿਤ ਸਮਾਗਮ ਆਦਿ ਲਈ ਹੀ ਚੁਣੇ ਜਾਂਦੇ ਹਨ ਅਤੇ ਆਰੰਭਤਾ ਦੇ ਅਰਦਾਸੇ ਤੋਂ ਲੈ ਕੇ ਸੰਪੂਰਨਤਾ ਦੇ ਅਰਦਾਸੇ ਤਾਂਈਂ ਉਹ ਆਮ ਰੂਪ ਸੰਗਤਿ ਤੋਂ ਖਾਸ ਰੂਪ ਸੰਗਤਿ ਹੁੰਦੇ ਹਨ। ਅਰਦਾਸ ਤੋਂ ਪਹਿਲਾਂ ਜਾਂ ਪਿਛੋਂ ਉਹ ਆਮ ਰੂਪ ਸੰਗਤਿ ਦਾ ਹੀ ਰੂਪ ਹੁੰਦੇ ਹਨ। ਇਸ ਲਈ ਸੰਗਤਿ ਦੇ ਸਾਜੇ ਹੋਏ ਪੰਜ ਪਿਆਰੇ ਸਦੀਵ ਕਾਲ ਲਈ ਨਹੀਂ ਹੁੰਦੇ।

(ਕ) ਖਾਲਸਾ ਪੰਥ ਅਕਾਲ ਪੁਰਖ ਕੀ ਫੌਜ ਹੈ। ਇਹ ਅਕਾਲ ਪੁਰਖ ਦੀ ਮੌਜ ਵਿਚੋਂ ਪਰਗਟ ਹੋਇਆ।



www.AKJ.Org

ਖਾਲਸਾ ਪੰਥ ਅਮਰ ਹੈ, ਸਦੀਵ ਕਾਲ ਲਈ ਹੈ।

(ਖ) ਖਾਲਸਾ ਵਾਹਿਗੁਰੂ ਕਾ ਹੈ, ਇਸ ਲਈ ਖਾਲਸੇ ਦੀ ਫ਼ਤਹ ਭੀ ਵਾਹਿਗੁਰੂ ਕੀ ਫ਼ਤਹਿ ਹੈ।

(ਗ) ਆਮ ਸੰਗਤਿ ਨੂੰ ਗੁਰੂ ਦੀ ਦੇਹ ਦੇ ਕਾਰਜ ਕਰਨ ਦਾ ਅਧਿਕਾਰ ਅਤੇ ਖਾਸ ਰੂਪ ਸੰਗਤਿ (ਪੰਜਾਂ ਪਿਆਰਿਆਂ) ਦੀ ਚੋਣ ਕਰਨ ਦਾ ਇਸ ਲਈ ਨਹੀਂ ਹੁੰਦਾ ਕਿਉਂਕਿ ਉਨ੍ਹਾਂ ਵਿਚ ਤਨਖਾਹੀਏ, ਕੁਰਹਿਤੀਏ , ਬੱਜਰ ਕੁਰਹਿਤੀਏ ਜਾਂ ਅੱਜ ਕੱਲ੍ਹ ਦੇ ਸਮੇਂ ਅਨੁਸਾਰ ਪੰਥ ਦੇ ਦੋਖੀ ਭੀ ਹੋ ਸਕਦੇ ਹਨ। ਸਾਰੀ ਸੰਗਤਿ ਮਨ ਮੇਲੀ ਨਹੀਂ ਹੋ ਸਕਦੀ ਭਾਵ ਇਕ ਦੂਜੇ ਦੇ ਅੰਦਰਲੇ ਭੇਦਾਂ ਤੋਂ ਜਾਣੂੰ ਨਹੀਂ ਹੁੰਦੀ ਕਿ ਕੌਣ ਕੁਰਹਿਤੀਆ ਹੈ ਕੌਣ ਗੁਰਮੁਖ ਹੈ ਤੇ ਕੌਣ ਮਨਮੁਖ। ਇਸ ਕਰਕੇ ਪੰਜਾਂ ਪਿਆਰਿਆਂ ਦੀ ਚੋਣ ਦਾ ਅਧਿਕਾਰ ਤੇ ਪੰਜ ਤਿਆਰ-ਬਰ-ਤਿਆਰ ਸਿੰਘਾਂ ਨੂੰ ਜਿਨ੍ਹਾਂ ਦੇ ਪਰਵਾਰ-ਸਿੰਘਣੀਆਂ, ਬੱਚੇ-ਬੱਚੀਆਂ ਉਨ੍ਹਾਂ ਸਮਾਨ ਤਿਆਰ-ਬਰ-ਤਿਆਰ ਰਹਿ ਕੇ ਅੰਮ੍ਰਿਤ ਵੇਲੇ ਤੋਂ ਸੋਦਰ ਦੇ ਨਿਤਨੇਮ, ਰਹਿਣੀ ਬਹਿਣੀ ਕਹਿਣੀ, ਸੰਜਮ ਅਤੇ ਬਿਬੇਕ ਦੇ ਧਾਰਨੀ ਹੋਣ, ਕੇਵਲ ਅੰਮ੍ਰਿਤ ਪਾਨ ਕਰਕੇ ਅੰਮ੍ਰਿਤਧਾਰੀ ਕਹਿਲਾਉਣ ਵਾਲੇ ਨਾ ਹੋਵਣ। ਵੈਰ ਵਿਰੋਧ, ਕਾਮ ਕ੍ਰੋਧ ਲੋਭ ਮੋਹ ਅਹੰਕਾਰ ਤੋਂ ਬਚਕੇ ਚਲਣ ਵਾਲੇ ਹੋਣ।

(ਘ) ਐਸੀ ਕਰਨੀ ਕਮਾਈ ਕਰਨ ਵਾਲੇ ਗੁਰਮੁਖ ਐਸੇ ਹੀ ਕਰਨੀ ਕਮਾਈ ਵਾਲੇ ਗੁਰਮੁਖਾਂ ਵਿਚੋਂ ਪੰਜਾਂ ਪਿਆਰਿਆਂ ਦੀ ਚੋਣ ਕਰਨ ਵਾਲੇ ਅਤੇ ਪੰਜ ਪਿਆਰੇ ਚੁਣੇ ਜਾਣ ਵਾਲੇ ਹੋਣੇ ਲਾਜ਼ਮੀ ਹਨ। ਗੁਰੂ ਦੀ ਜੋਤਿ ਨਾਲ ਜੋਤਿ ਜਵਲਤਿ ਹੋ ਕੇ ਉਨ੍ਹਾਂ ਵਿਚੋਂ ਹੀ ਹੁੰਦੇ ਹਨ ਤਾਂ ਗੁਰੂ ਕੀ ਕਲਾ ਅੰਮ੍ਰਿਤ ਸਮਾਗਮ ਵਿਚ ਵਰਤਦੀ ਹੈ।

(ਙ) ਪੰਜਾਂ ਪਿਆਰਿਆਂ ਨੂੰ ਆਮ ਆਨਮੱਤੀਆਂ ਦੇ ਸਵਾਂਗੀਆਂ ਵਾਂਗ ਚੁਣਨਾ ਗੁਰੂ ਤੋਂ ਬੇਮੁਖਤਾਈ ਹੈ।

(ਚ) ਪੰਜਾ ਪਿਆਰਿਆਂ ਦੇ ਸੱਚੇ ਦਰਬਾਰ ਤੋਂ ਉਪਰ, ਇਸ ਧਰਤੀ ਤੇ, ਕੋਈ ਹੋਰ ਦਰਬਾਰ ਨਹੀਂ ਹੈ।

(ਛ) ਪੰਚਾਇਣਾਂ, ਕਮੇਟੀਆਂ, ਆਮ ਸੰਗਤਿ, ਪੰਜਾਂ ਪਿਆਰਿਆਂ ਦੇ ਅਧਿਕਾਰ ਨਹੀਂ ਵਰਤ ਸਕਦੀਆਂ ਕਿਉਂਕਿ ਜਾਗਤਿ ਜੋਤਿ ਬਿਨਾਂ ਇਹ ਅਧਿਕਾਰ ਵਰਤਣਾ ਗੁਰੂ ਡੰਮ ਬਣ ਜਾਂਦਾ ਹੈ।

(ਜ) ਯੱਕ-ਤਰਫ਼ਾ ਫੈਸਲਾ ਪੰਥਕ ਪੱਧਰ ਦੇ ਗੁਣਹਗਾਰਾਂ ਵਾਸਤੇ ਹੁੰਦਾ ਹੈ ਜੋ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬਾਨ ਦਾ ਅਧਿਕਾਰ ਹੈ। ਪੰਜ ਪਿਆਰੇ ਤਾਂ ਚਾਰੇ ਬੱਜਰ ਕੁਰਹਿਤਾਂ ਕਰਨ ਵਾਲੇ ਗੁਣਹਗਾਰ ਨੂੰ ਵੀ ਤਨਖਾਹ ਲਗਾਕੇ ਸਿਖੀ ਤੋਂ ਖਾਰਜ ਹੋਏ ਹੋਏ ਸਿਖ ਨੂੰ ਫੇਰ ਸਿਖ ਕੌਮ ਵਿਚ ਸ਼ਾਮਲ ਕਰ ਲੈਂਦੇ ਹਨ ਕਿਉਂਕਿ ਗੁਰੂ ਘਰ ਤਾਂ ਦਇਆ ਮਇਆ ਦਾ ਅਖੁੱਟ ਸਮੁੰਦਰ ਹੈ। ਇਹ ਤਾਂ ਬਖ਼ਸ਼ਿਸ਼ਾਂ ਦਾ ਦਰ ਹੈ। ਇਥੇ ਦੰਡ ਤਾਂ ਨਾਮ ਮਾਤਰ ਹੈ।

(ਝ) ਖਾਲਸਾ ਪੰਥ ਗੁਰੂ ਨਾਨਕ ਸਾਹਿਬ ਦਾ ਪੰਥ ਹੈ ਇਸ ਦੀਆਂ ਜੜ੍ਹਾਂ ਪਤਾਲ ਤੋਂ ਭੀ ਪਰ੍ਹਾਂ ਹਨ। ਇਸ ਨੂੰ ਕੋਈ ਖਤਮ ਨਹੀਂ ਕਰ ਸਕਦਾ।

---

## ਬਿਪਰਨ ਦੀਆਂ ਰੀਤਾਂ

(ਭਾਈ ਗੁਰਤੇਜ ਸਿੰਘ ਬਾਦਸ਼ਾਹ ਪੁਰੀ)

ਬਿਪਰਣ ਦੀਆਂ ਰੀਤਾ ਸਿੰਘਾਂ ਕਾਸ ਤੋਂ ਕਰਦਾ ਏ,
ਸਤਿਗੁਰੂ ਨੂੰ ਛੱਡ ਕਿਉਂ ਗੋਰਾ ਦਾ ਪਾਣੀ ਭਰਦਾ ਏ।
ਜਾਗਤ ਜੋਤ ਗੱਲ ਰੱਖੀ ਤੂੰ ਇਹਨਾਂ ਖਿਆਲਾਂ ਨੂੰ,
ਭੁਲ ਕੇ ਕਿਉਂ ਖੇਡਦਾ ਫਿਰੇ ਝੂਠੀਆਂ ਚਾਲਾਂ ਤੂੰ।
ਸਬਦ ਗੁਰੂ ਛੱਡ ਮਨ ਟੱਕਾਵੀ ਨਾ ਪੀਰਾਂ ਦੀਆਂ ਕਬਰਾਂ ਤੇ,
ਪੱਲਾ ਫੜ ਸਤਿਗੁਰੂ ਦਾ ਰਹਿਣਾ ਆਪਣੇ ਸਬਰਾਂ ਤੇ।
ਕਰੇ ਕਿਉਂ ਪੂਜਾ ਸਖੀ ਸਰਵਰ ਜਿਹੇ ਪੀਰਾਂ ਦੀ,
ਸਿੱਖਿਆ ਧਾਰਨ ਕਰ ਲੈ ਭਾਈ ਮੰਝ ਜਿਹੇ ਫਕੀਰਾਂ ਦੀ,
ਝੂਠ ਦਾ ਪੱਲਾ ਛੱਡ ਕੇ ਸੱਚਾ ਮਾਰਗ ਫੜ ਲੈ ਤੂੰ,
ਅੰਮ੍ਰਿਤ ਛੱਕ ਮੂਲ ਮੰਤਰ ਦਾ ਸਬਕ ਵੀ ਪੜ ਲੈ ਤੂੰ।
ਦਰ ਦਰ ਉਤੇ ਭਟਕੇ ਨਾਲ ਜਾਣ ਕੇ ਮੱਥੇ ਟੇਕੇ ਤੂੰ,
ਸੱਚ ਨੂੰ ਛੱਡ ਕੇ ਫਿਰਦਾ ਕਿਉ ਵਿੱਚ ਭੁਲੇਖੇ ਤੂੰ।
ਜਾਗਤ ਜੋਤ ਨੂੰ ਭੁਲ ਕਰੇ ਪੂਜਾ ਮੜੀਆਂ ਮਸਾਣਾ ਦੀ,
ਕਿਉ ਨਹੀਂ ਆਉਂਦੀ ਯਾਦ ਤੈਨੂੰ ਗੁਰੂ ਫੁਰਮਾਣਾ ਦੀ।
ਇੱਕ ਸਤਿਗੁਰੂ ਨੂੰ ਛੱਡ ਗੋਤੇ ਭਵਜਲ ਵਿੱਚ ਖਾਵੇਗਾ,
ਤੈਨੂੰ ਬੰਨੇ ਲਾਉਣ ਕਿਸੇ ਨਹੀਂ ਫਿਰ ਮੂਰਖਾਂ ਪਛਤਾਵੇਗਾ।
ਸੀਸ ਝੁਕਾਉਦਾ ਫਿਰੇ ਕਿਉ ਮੋਇਆ ਦੀਆ ਕਬਰਾਂ ਤੇ,
ਸੱਚੀ ਸਰਧਾ ਰੱਖੀ ਪੂਰੀਆਂ ਹੋਵਣ ਤੇਰੀਆਂ ਸਧਰਾਂ ਨੇ।
ਇੱਕ ਨੂੰ ਮਨ ਵਿੱਚ ਵਸਾ ਜੋ ਸਭ ਦਾ ਰਖਵਾਲਾ ਏ,
ਸਿਸ੍ਰਟੀ ਨੂੰ ਸਾਜਣ ਵਾਲਾ ਤੇ ਮਾਰ ਜਵਾਲਾ ਏ।
'ਬਾਦਸ਼ਾਹ ਪੁਰੀਂ' ਕਰੀ ਯਾਦ ਸਤਿਗੁਰੂ ਨੂੰ ਮੱਥਾ ਕਬਰਾਂ ਵੱਲ ਟੇਕੀ ਨਾ,
ਪੂਜਾ ਕਰੀ ਇੱਕ ਅਕਾਲ ਦੀ ਦੂਜੇ ਕਨੀ ਤੂੰ ਵੇਖੀ ਨਾ।



www.AKJ.Org

# ਸਿੱਖਾਂ ਦੀ ਨਿਆਰੀ ਹੋਂਦ ਨੂੰ ਖਤਰਾ ਹਿੰਦੂ ਮੂਲਵਾਦੀਆਂ ਤੋਂ

(ਡਾ: ਜਸਪਾਲ ਸਿੰਘ)

ਇਤਿਹਾਸ ਦੇ ਸਫ਼ਰ ਵਿੱਚ ਬਹੁਤ ਸਾਰੇ ਐਸੇ ਮੁਕਾਮ ਆਏ ਹਨ, ਜਦੋਂ ਸਿੱਖਾਂ ਦੀ ਬੁਨਿਆਦੀ ਹੋਂਦ ਨੂੰ ਖਤਰਾ ਦਰਪੇਸ਼ ਹੋਇਆ ਹੈ। ਹੁਕਮਰਾਨਾਂ ਵੱਲੋਂ ਉਨ੍ਹਾਂ ਨੂੰ ਨੇਸਤੇ-ਨਾਬੂਦ ਕਰਨ ਦੇ ਹੁਕਮ ਜਾਰੀ ਕੀਤੇ ਗਏ, ਉਨ੍ਹਾਂ ਦੇ ਸਿਰਾਂ ਦਾ ਮੁੱਲ ਮੁਕੱਰਰ ਕੀਤਾ ਗਿਆ, ਕਸਬੇ ਤੇ ਸ਼ਹਿਰਾਂ ਵਿੱਚ ਉਨ੍ਹਾਂ ਦੇ ਸਿਰਾਂ ਨੂੰ ਨੇਜ਼ਿਆਂ ਉੱਪਰ ਟੰਗ ਕੇ ਜਲੂਸ ਕੱਢੇ ਗਏ ਅਤੇ ਆਮ ਲੋਕਾਂ ਨੂੰ ਇਹ ਸੁਨੇਹਾ ਪਹੁੰਚਾਉਣ ਦਾ ਜਤਨ ਕੀਤਾ ਗਿਆ ਕਿ ਹੁਣ ਧਰਤੀ ਉਤੇ ਕੋਈ ਸਿੱਖ ਜ਼ਿੰਦਾ ਨਹੀਂ ਬਚਿਆ। ਪਰ ਇਹ ਸਾਰਾ ਕੁਝ ਸਿਕੇ ਦਾ ਇੱਕ ਪਾਸਾ ਹੈ। ਇਤਿਹਾਸ ਦਾ ਇੱਕ ਪ੍ਰਵਾਹ ਹੈ। ਹੋਰ ਵੀ ਇੱਕ ਧਾਰਾ ਹੈ, ਜਿਹੜੀ ਸ਼ਾਇਦ ਕਈ ਵਾਰ ਇਸ ਕਤਲੇਗਾਰਤ ਤੋਂ ਵੀ ਵੱਧ ਖਤਰਨਾਕ ਤੇ ਘਾਤਕ ਸਿੱਧ ਹੁੰਦੀ ਰਹੀ ਹੈ। ਇਹ ਧਾਰਾ ਹੈ ਸਿੱਖਾਂ ਦੀ ਅੱਡਰੀ ਤੇ ਵਿਲੱਖਣ ਧਾਰਮਿਕ ਹੋਂਦ ਨੂੰ, ਸਹਿਜੇ ਸਹਿਜੇ ਹਿੰਦੂ ਘੇਰੇ ਵਿੱਚ ਸਮੋਅ ਲੈਣ ਦੀ, ਮਿੱਠੇ ਤੇ ਮਿੱਠੇ ਤਰੀਕੇ ਨਾਲ ਸਿੱਖਾਂ ਨੂੰ ਆਪਣੇ ਆਪ ਵਿੱਚ ਜਜ਼ਬ ਕਰ ਲੈਣ ਦੀ। ਸੰਜੀਦਗੀ ਨਾਲ ਇਤਿਹਾਸ ਦੇ ਘਟਨਾ ਕ੍ਰਮ ਦਾ ਅਧਿਐਨ ਕਰੀਏ ਤਾਂ ਪਤਾ ਲੱਗੇਗਾ ਕਿ ਅਨੇਕਾਂ ਵਾਰ ਗਿਣੇ-ਮਿੱਥੇ ਤਰੀਕੇ ਨਾਲ, ਹਿੰਦੂ ਫਿਰਕਾਪ੍ਰਸਤੀ ਸਿੱਖਾਂ ਦੀ ਸੁਤੰਤਰ ਧਾਰਮਿਕ ਹੋਂਦ ਉੱਪਰ ਹਮਲੇ ਕਰ ਚੁੱਕੀ ਹੈ ਅਤੇ ਕਈ ਵੀਰ ਭੋਲੇ-ਭਾਲੇ ਸਿੱਖ ਉਸ ਦੀ ਗੁੱਝੀ ਮਾਰ ਦੀ ਜ਼ਦ ਵਿੱਚ ਆ ਚੁੱਕੇ ਹਨ।

ਇਤਿਹਾਸ ਨੇ ਇੱਕ ਹੋਰ ਕੌੜੀ ਹਕੀਕਤ ਸਾਡੇ ਸਾਹਮਣੇ ਲਿਆਂਦੀ ਹੈ ਅਤੇ ਉਹ ਇਹ ਹੈ ਕਿ ਸਿੱਖ ਜਥੇਬੰਦੀ ਹਥਿਆਰਬੰਦ ਹਮਲੇ ਦੇ ਵਾਰ ਤਾਂ ਸਹਾਰ ਸਕਦੀ ਹੈ ਅਤੇ ਉਸ ਦਾ ਢੁੱਕਵਾਂ ਜੁਆਬ ਵੀ ਦੇ ਸਕਦੀ ਹੈ ਪਰ ਬੌਧਿਕ ਪੱਧਰ ਤੇ ਜਦੋਂ ਕੋਈ ਹਮਲਾ ਉਸ ਉਪਰ ਨਾਦਰ ਹੁੰਦਾ ਹੈ ਤਾਂ ਉਸ ਦਾ ਬਲ ਛੁਟ ਜਾਂਦਾ ਹੈ ਅਤੇ ਉਸ ਦੀ ਸਮੱਰਥਾ ਛੋਟੀ ਪੈ ਜਾਂਦੀ ਹੈ। ਕਾਰਣ ਇਸ ਦਾ ਮੁੱਖ ਤੌਰ ਤੇ ਇਹੋ ਹੈ ਕਿ ਬੌਧਿਕ ਪੱਧਰ ਤੇ ਕੌਮ ਸੁਚੇਤ ਨਹੀਂ ਅਤੇ ਇਸ ਪਾਸੇ ਕੋਈ ਜਥੇਬੰਦਕ ਜਤਨ ਨਹੀਂ ਕੀਤਾ ਜਾਂਦਾ। ਕਈ ਵਾਰ ਆਪਣੀ ਕਮਜ਼ੋਰੀ ਛੁਪਾਉਣ ਲਈ ਕਿਹਾ ਜਾਂਦਾ ਹੈ ਕਿ ਸਿੱਖ ਭੋਲੇ ਭਾਲੇ ਹਨ ਅਤੇ ਉਨ੍ਹਾਂ ਦੀ ਲੀਡਰਸ਼ਿਪ ਸਿੱਧੀ ਸਾਦੀ ਹੈ। ਇਸ ਲਈ ਉਹ ਬੌਧਿਕ ਪੱਧਰ ਤੇ ਕਾਰਜਸ਼ੀਲ ਕੁਟਿਲਤਾ ਦਾ ਮੁਕਾਬਲਾ ਕਰਨ ਵਿਚ ਫੇਲ੍ਹ ਹੋ ਜਾਂਦੇ ਹਨ। ਪਰ ਇਨ੍ਹਾਂ ਬਹਾਨਿਆਂ ਨਾਲ ਮਸਲਾ ਹੱਲ ਨਹੀਂ ਹੋਣਾ। ਕੌਮ ਦੀ ਬੌਧਿਕ ਸਮੱਰਥਾ ਨੂੰ ਸੰਗਠਿਤ ਅਤੇ ਸਰਗਰਮ ਕਰਨ ਬਗੈਰ ਕੋਈ ਚਾਰਾ ਨਹੀਂ। ਤਲਵਾਰ ਦਾ ਜੁਆਬ ਤਲਵਾਰ ਨਾਲ ਜਾਂ ਸ਼ਹਾਦਤ ਨਾਲ ਦਿੱਤਾ ਜਾਂਦਾ ਹੈ, ਪਰ ਬੌਧਿਕ ਪੱਧਰ ਤੇ ਸਿੱਖ ਸੱਚ ਉੱਪਰ ਚੋਟ ਕਰਨ ਵਾਲਿਆਂ ਨੂੰ ਢੁੱਕਵਾਂ ਜੁਆਬ ਤਾਂ ਬੌਧਿਕ ਪੱਧਰ ਤੇ ਦੇਣਾ ਪਵੇਗਾ। ਉਹ ਸਾਰੀਆਂ ਪਰਤਾਂ ਉਧੇੜਨੀਆਂ ਪੈਣਗੀਆਂ ਜਿਨ੍ਹਾਂ ਹੇਠਾਂ ਅਸਲ ਮਕਸਦ ਨੂੰ ਲੁਕੋਇਆ ਗਿਆ ਹੈ। ਉਹ ਖੂਬਸੂਰਤ ਗਲਾਫ ਉਤਾਰਨੇ ਪੈਣਗੇ, ਜਿਨ੍ਹਾਂ ਵਿਚਕਾਰ ਸਾਡੇ ਅਤਿ ਸ਼ਾਤਰ ਦੁਸ਼ਮਣ ਨੇ ਆਪਣੇ ਬਦਸੂਰਤ ਮਨਸੂਬੇ ਛੁਪਾਏ ਹੋਏ ਹਨ।

ਬਹੁਤੀ ਤਫਸੀਲ 'ਚ ਨਾ ਜਾਦਿਆਂ ਅਸੀਂ ਅੱਜ ਦੇ ਸੰਦਰਭ ਵਿੱਚ ਆਉਂਦੇ ਹਾਂ। ਮੌਜੂਦਾ ਸਮੇਂ ਵਿੱਚ, ਜਦੋਂ ਕਿ ਸਿੱਖ ਸਮਾਜ ਪਿਛਲੇ ਤਕਰੀਬਨ ਵੀਹਾਂ ਸਾਲਾਂ ਤੋਂ ਸੰਕਟ ਵਿੱਚ ਘਿਰਿਆ ਹੋਇਆ ਹੈ ਅਤੇ ਜਾਨੀ ਤੇ ਮਾਲੀ ਨੁਕਸਾਨ ਤੋਂ ਇਲਾਵਾ ਉਸ ਦੀਆਂ ਪਰੰਪਰਾਵਾਂ ਤੇ ਇਤਿਹਾਸ ਨੂੰ ਵੀ ਕਲੰਕਤ ਕਰਨ ਦੇ ਅਣਥੱਕ ਯਤਨ ਕੀਤੇ ਗਏ ਹਨ। ਆਰ. ਐਸ. ਐਸ. ਇਕ ਸਮਰੱਥਾਵਾਨ ਬੌਧਿਕ ਤਾਕਤ ਨੇ ਸਥਿਤੀ ਦਾ ਨਜਾਇਜ਼ ਫਾਇਦਾ ਉਠਾਦਿਆਂ ਸਿੱਖਾਂ ਦੀ ਵਿਲੱਖਣ ਹੋਂਦ ਨੂੰ ਪੂਰੀ ਤਰ੍ਹਾਂ ਖਤਮ ਕਰਨ ਦਾ ਫੈਸਲਾ ਲੈ ਲਿਆ ਜਾਪਦਾ ਹੈ। ਉਹ ਸਾਧਨਾਂ ਤੇ ਵਸੀਲਿਆਂ ਵਾਲੀ ਤਾਕਤ ਹੈ, ਜਿਸ ਦੀ ਸਮੁੱਚੀ ਸੋਚ ਦਾ ਧੁਰਾ ਹੈ ਪੂਰੇ ਭਾਰਤ ਦਾ 'ਹਿੰਦੂਕਰਣ'। ਆਪਣੇ ਕੋਝੇ ਮੁਫਾਦ ਨੂੰ ਪੂਰਾ ਕਰਨ ਲਈ ਉਸ ਨੇ (ਰਾਸ਼ਟਰੀ ਸਿੱਖ ਸੰਗਤ) ਨਾਂ ਦੀ ਜਥੇ ਬੰਦੀ ਕਾਇਮ ਕੀਤੀ ਹੈ ਅਤੇ ਹੁਣ ਦੇਸ਼ ਵਿਦੇਸ਼ ਵਿੱਚ ਉਸ ਦੀਆਂ ਬ੍ਰਾਚਾਂ ਖੋਹਲੀਆਂ ਜਾ ਰਹੀਆ ਹਨ। ਆਰ. ਐਸ. ਐਸ. ਦੀ ਨਿਗਾਹ ਵਿਚ ਮਾਰ-ਧਾੜ ਨਾਲੋਂ ਇਸ 'ਰਾਸ਼ਟਰੀ ਸਿੱਖ ਸੰਗਤ' ਵਰਗੀ ਜਥੇਬੰਦੀ



www.AKJ.Org

ਰਾਹੀਂ ਸਿੱਖਾਂ ਦੀ ਵਿਲੱਖਣ ਹੋਂਦ ਨੂੰ ਜਜ਼ਬ ਕਰ ਲੈਣਾ ਜ਼ਿਆਦਾ ਆਸਾਨ ਹੈ ਅਤੇ ਇਸ ਤਰ੍ਹਾਂ ਹਿੰਦੂ ਬਹੁਗਿਣਤੀ ਉਪਰ ਕੋਈ ਸਿੱਧਾ ਦੋਸ਼ ਵੀ ਆਇਦ ਨਹੀਂ ਹੋ ਸਕੇਗਾ। ਨਾ ਕਿਸੇ ਮਨੁੱਖੀ ਅਧਿਕਾਰ ਦਾ ਹਨਨ ਹੋਵੇਗਾ ਅਤੇ ਨਾ ਕਿਸੇ ਵਧੀਕੀ ਦੀ ਸ਼ਿਕਾਇਤ। ਫਿਰ ਇਹ ਵੀ ਸਪੱਸ਼ਟ ਹੈ ਕਿ ਸਿੱਖ ਜਥੇਬੰਦੀਆਂ ਇਸ ਹਮਲੇ ਦਾ ਜੁਆਬ ਦੇਣ ਦੀ ਸਥਿਤੀ ਵਿੱਚ ਵੀ ਨਹੀਂ ਹਨ। ਉਨ੍ਹਾਂ ਪਾਸ ਨਾ ਸਮੱਰਥਾ ਹੈ ;ਨਾ ਫੁਰਸਤ।

ਅਸੀਂ ਆਪਣਾ ਫਰਜ਼ ਸਮਝਦੇ ਹਾਂ ਉਨ੍ਹਾਂ ਬੁਧੀਜੀਵੀਆਂ ਨੂੰ ਸੁਚੇਤ ਕਰਨਾ, ਜਿਹੜੇ ਖਾਲਸਾ ਪੰਥ ਦੀ ਅੱਡਰੀ ਹੋਂਦ ਦੇ ਮੁੱਦਈ ਹਨ। ਸਾਡੀ ਸਪੱਸ਼ਟ ਰਾਇ ਹੈ ਕਿ ਜੇ ਸਮੇਂ ਸਿਰ ਇਸ ਪਾਸੇ ਮੁਨਾਸਬ ਤੱਵਜੋਂ ਨਾ ਦਿੱਤੀ ਗਈ ਤਾਂ ਪੰਥ ਦਾ ਇੱਕ ਵੱਡਾ ਤਬਕਾ ਰਾਸ਼ਟਰੀ ਸਿੱਖ ਸੰਗਤ ਰਾਹੀਂ ਆਰ. ਐਸ. ਐਸ. ਦੀ ਕੁਟਲ ਚਾਲ ਦੀ ਗਰਿਫਤ ਵਿਚ ਆ ਜਾਵੇਗਾ।

'ਰਾਸ਼ਟਰੀ ਸਿੱਖ ਸੰਗਤ' ਨਾਂ ਦੇ ਇਸ ਨਵੇਂ ਸੰਗਠਨ ਦੀ ਬਣਤਰ ਅਤੇ ਉਦੇਸ਼ਾਂ ਦੀ ਬਰੀਕੀ ਨਾਲ ਅਧਿਐਨ ਕਰਨ ਦੀ ਲੋੜ ਹੈ ਅਤੇ ਇਸੇ ਅਧਿਐਨ ਤੋਂ ਉਹ ਗੱਲ ਸਾਬਤ ਹੋ ਜਾਵੇਗੀ, ਜਿਸ ਲਈ ਅਸੀਂ ਪਹਿਲਾਂ ਤੋਂ ਅਗਾਹ ਕਰ ਰਹੇ ਹਾਂ। ਇਸ ਸੰਗਠਨ ਦੀ ਪਹਿਲੀ ਇਕੱਤਰਤਾ ਅਗਸਤ 1986 ਵਿੱਚ ਦਿੱਲੀ ਵਿੱਚ ਕੀਤੀ ਗਈ ਅਤੇ ਫੇਰ ਉਸੇ ਸਾਲ ਨਵੰਬਰ ਵਿੱਚ ਅੰਮ੍ਰਿਤਸਰ ਵਿੱਚ ਵੱਡੇ ਇੱਕਠ ਵਿੱਚ ਉਪਚਾਰਕ ਤੌਰ 'ਤੇ ਇਸ ਦੀ ਸਥਾਪਨਾ ਦਾ ਐਲਾਨ ਕੀਤਾ ਗਿਆ। ਸਿੱਖ ਹੋਂਦ ਨੂੰ ਨਕਾਰਨ ਵਾਲੇ ਇਸ ਸੰਗਠਨ ਦੇ ਅਸਲ ਮਕਸਦ ਅਤੇ ਉਦੇਸ਼ਾਂ ਦੀ ਤਫਸੀਲ ਤੋਂ ਪਹਿਲਾਂ ਅਸੀਂ ਦੋ ਗੱਲਾਂ ਤੁਹਾਡੇ ਗੋਚਰੇ ਕਰਨਾ ਚਾਹੁੰਦੇ ਹਾਂ। ਪਹਿਲੀ ਗੱਲ ਨਾਂ ਦੀ ਚੋਣ ਬਾਰੇ ਵੇਖਿਆ ਜਾ ਸਕਦਾ ਹੈ ਕਿ 'ਰਾਸ਼ਟਰੀ ਸਿੱਖ ਸੰਗਤ' ਦੇ ਨਾਮਕਰਣ ਵੇਲੇ ਹੀ ਉਸ ਦੇ ਹਿੰਦੂ ਮੂਲਵਾਦ ਦੇ ਘੇਰੇ 'ਚੋਂ ਕਿਸੇ ਵੇਲੇ ਨਿਕਲ ਜਾਣ ਦੀ ਸੰਭਾਵਨਾ ਨੂੰ ਪੂਰੀ ਤਰ੍ਹਾਂ ਖਤਮ ਕਰ ਦਿੱਤਾ ਗਿਆ ਹੈ। 'ਰਾਸ਼ਟਰੀ ਸਵੈ-ਸੇਵਕ ਸੰਘ' ਅਤੇ 'ਰਾਸ਼ਟਰੀ ਸਿੱਖ ਸੰਗਤ' ਦੋਹਾਂ ਦਾ ਸੰਖੇਪ ਰੂਪ ਆਰ. ਐਸ. ਐਸ. ਹੀ ਬਣਦਾ ਹੈ। ਦੂਜੀ ਗੱਲ ਅਸੀਂ ਕਰਨਾ ਚਾਹੁੰਦੇ ਹਾਂ ਸਮੇਂ ਦੀ ਚੋਣ ਬਾਰੇ। ਆਜ਼ਾਦੀ ਹਾਸਲ ਕਰਨ ਉਪਰੰਤ 1984 ਤੋਂ ਤੁਰੰਤ ਬਾਅਦ ਦਾ ਸਮਾਂ ਸਿੱਖਾਂ ਲਈ ਸਭ ਤੋਂ ਵੱਧ ਸੰਕਟਮਈ ਸੀ। ਨੀਲਾ ਤਾਰਾ ਸਾਕਾ ਅਤੇ 84 ਦੇ ਕਤਲੇਆਮ ਨੇ ਸਿੱਖਾਂ ਨੂੰ ਇੱਕ ਵਾਰ ਝੰਜੋੜ ਕੇ ਰੱਖ ਦਿੱਤਾ ਸੀ। ਉਨ੍ਹਾਂ ਵਿੱਚ ਅਸੁਰੱਖਿਆ ਤੇ ਸਹਿਮ ਦਾ ਮਾਹੌਲ ਪੈਦਾ ਹੋ ਗਿਆ ਸੀ ਅਤੇ ਇਹ ਮੰਨਣ 'ਚ ਕੋਈ ਗੁਰੇਜ਼ ਨਹੀਂ ਹੋਣਾ ਚਾਹੀਦਾ ਕਿ ਸਿੱਖਾਂ ਦੀ ਸਮੁੱਚੀ ਸਥਿਤੀ ਇੰਨੀ ਕਮਜ਼ੋਰ ਸ਼ਾਇਦ ਹੀ ਪਹਿਲਾਂ ਕਦੇ ਹੋਈ ਹੋਵੇ। ਇਸ ਕਮਜ਼ੋਰੀ ਅਸੁਰੱਖਿਆ, ਡਰੇ ਤੇ ਸਹਿਮ ਦੇ ਮਾਹੌਲ ਦਾ 'ਹਿੰਦੂ ਮੂਲਵਾਦੀਆਂ' ਨੇ ਲਾਭ ਉਠਾਣ ਦਾ ਫੈਸਲਾ ਲੈ ਲਿਆ ਅਤੇ ਸਿੱਖਾਂ ਦੀ ਵਿਲੱਖਣ ਹੋਂਦ ਨੂੰ ਆਪਣੇ ਆਪ ਵਿੱਚ ਜਜ਼ਬ ਕਰਨ ਦੀ ਵਿਉਂਤ ਬਣਾ ਲਈ। ਇਸੇ ਲਈ ਐਸੇ ਨਾਜ਼ਕ ਸਮੇਂ ਆਪਣੀ ਵਿਉਂਤ ਨੂੰ ਨੇਪਰੇ ਚਾੜ੍ਹਨ ਲਈ 'ਰਾਸ਼ਟਰੀ ਸਿੱਖ ਸੰਗਤ' ਨਾਮੀ ਸੰਗਠਨ ਨੂੰ ਹੋਂਦ ਵਿਚ ਲਿਆਂਦਾ ਗਿਆ।

ਰਾਸ਼ਟਰੀ ਸਿੱਖ ਸੰਗਤ ਕੀ ਹੈ ? ਉਸ ਦਾ ਉਦੇਸ਼ ਅਤੇ ਕਾਰਜ ਕੀ ਹਨ ? ਕਿਹੜੀ ਸੋਚ ਉੱਪਰ ਆਧਾਰਤ ਹੈ ਇਸ ਸੰਗਠਨ ਦਾ ਸਾਰਾ ਢਾਂਚਾ ਅਤੇ ਪ੍ਰੋਗਰਾਮ ? ਇਨ੍ਹਾਂ ਸੁਆਲਾਂ ਦੇ ਜੁਆਬ, ਰਾਸ਼ਟਰੀ ਸਿੱਖ ਸੰਗਤ ਵੱਲੋਂ 6 ਅਗਸਤ, 1988 ਨੂੰ ਨਾਂਦੇੜ ਵਿਖੇ ਜਾਰੀ ਕੀਤੇ ਗਏ ਉਸ ਦੇ ਪਹਿਲੇ ਦਸਤਾਵੇਜ਼ 'ਸੰਗਤ ਸੰਦੇਸ਼' 'ਚੋਂ ਦੇ ਰਹੇ ਹਾਂ। ਇਸ 'ਦਸਤਾਵੇਜ਼ ਵਿੱਚ ਰਾਸ਼ਟਰੀ ਸਿੱਖ ਸੰਗਤ ਦੀ ਜਿਹੜੀ ਪ੍ਰੀਭਾਸ਼ਾ ਦਿੱਤੀ ਗਈ ਹੈ, ਉਹ ਆਪਣੇ ਆਪ ਵਿੱਚ ਇਸ ਗੱਲ ਦਾ ਪਰਤਖ ਸਬੂਤ ਹੈ ਕਿ ਇਸ ਜਥੇਬੰਦੀ ਦੇ ਇਰਾਦੇ ਪਾਕ ਨਹੀਂ ਹਨ। ਦਸਤਾਵੇਜ਼ ਵਿੱਚ ਕਿਹਾ ਗਿਆ ਹੈ ਕਿ 'ਰਾਸ਼ਟਰੀ ਸਿੱਖ ਸੰਗਤ ਐਸੇ ਕੇਸਧਾਰੀ ਅਤੇ ਸਹਿਜਧਾਰੀ ਰਾਸ਼ਟਰਵਾਦੀ ਸਿੱਖਾਂ ਦਾ ਸੰਗਠਨ ਹੈ ਜਿਨ੍ਹਾਂ ਦੀ ਸਮਾਜ ਅਤੇ ਰਾਸ਼ਟਰ ਦੀ ਪਰੰਪਰਾ, ਏਕਤਾ ਅਤੇ ਇਕਮਿਕਤਾ ਵਿੱਚ ਸ਼ਰਧਾ 'ਤੇ ਨਿਸ਼ਠਾ ਹੈ। ਸਪੱਸ਼ਟ ਹੈ ਕਿ ਇਹ ਸੰਗਠਨ ਭਾਰਤ ਦੀ ਵਿਭਿੰਨਤਾ ਨੂੰ ਨਹੀਂ ਮੰਨਦਾ ਅਤੇ ਸਾਰਿਆਂ ਨੂੰ ਏਕੜ੍ਹਾ ਦੇ ਨਾਂ ਤੇ ਸਮੋਅ ਲੈਣਾ ਚਾਹੁੰਦਾ ਹੈ

'ਰਾਸ਼ਟਰੀ ਸਿੱਖ ਸੰਗਤ' ਕਿਸ ਵਿਚਾਰਧਾਰਾ ਉਪਰ ਖੜ੍ਹੀ ਹੈ, ਇਸ ਦੀ ਅੰਦਾਜ਼ਾ ਹੇਠ ਦਿੱਤੀਆਂ ਟੂਕਾਂ ਤੋਂ ਸਹਿਜੇ ਹੀ ਲਾਇਆ ਜਾ ਸਕਦਾ ਹੈ। ਇਹ ਟੂਕਾਂ ਰਾਸ਼ਟਰੀ ਸਿੱਖ ਸੰਗਤ ਦੇ ਰਸਾਲੇ 'ਸੰਗਤ ਸੰਦੇ


www.AKJ.Org

ਸ਼' 'ਚੋਂ' ਜਿਹੜਾ ਅਗਸਤ 1988 ਵਿੱਚ ਨਾਂਦੇੜ ਵਿਖੇ ਜਾਰੀ ਕੀਤਾ ਗਿਆ ਸੀ। ਗੁਰਬਾਣੀ ਜਿਸ ਨੂੰ ਸਿੱਖ 'ਧੁਰ ਕੀ ਬਾਣੀ' ਮੰਨਦੇ ਹਨ, ਬਾਰੇ ਇਸ ਹਿੰਦੂਵਾਦੀ ਸੰਸਥਾ ਦਾ ਕਹਿਣਾ ਹੈ ਗੁਰਬਾਣੀ ਨੂੰ ਐਸੀ ਗਿਆਨ ਗੰਗਾ ਮੰਨਿਆ ਗਿਆ ਹੈ, ਗੰਗਾ ਜਿਹੜੀ ਵੇਦਾ ਦੀ ਗੰਗੋਤਰੀ 'ਚੋਂ' ਫੁਟਦੀ ਹੈ ਉਸ ਦੀ ਸਾਰੀ ਖੁਸ਼ਬੂ ਗਰਿਮਾ ਤੇ ਪਵਿਤਰਤਾ ਨੂੰ ਲੈ ਕੇ ਇਹ ਵੈਦਿਕ ਗੰਗਾ ਜਨ-ਜਨ ਨੂੰ ਪਾਵਨ ਬਣਾਉਂਦੀ ਜਾ ਰਹੀ ਹੈ। ਇਸੇ ਲਈ ਗੁਰਬਾਣੀ ਦੇ ਅਨੇਕਾਂ ਵਿਦਵਾਨਾਂ ਨੇ ਗੁਰੂ ਗ੍ਰੰਥ ਸਾਹਿਬ ਨੂੰ ਵੇਦ ਦਾ ਸਰੂਪ ਮੰਨਿਆ ਹੈ। ਉਸ ਨੂੰ ਭਾਰਤੀ ਗਿਆਨ ਦਾ ਵਿਸ਼ਵਕੋਸ਼ ਵੀ ਮੰਨਿਆ ਹੈ। ਉਹ ਆਪਣੇ ਆਪ ਵਿਚ ਇੱਕ ਪੁਰਾਣ-ਕੋਸ਼ ਹੈ। ਪੰਜਾਬ ਦੀ ਇਹ ਗੁਰੂਗੰਗਾ ਵੈਦਿਕ-ਚਿੰਤਨ, ਉਪਨਿਸ਼ਦਾਂ ਦੇ ਗਿਆਨ ਦਾ ਰਿਸ਼ੀਕੇਸ਼ ਹੈ। ਉਸ ਦੀ ਮਹਿਮਾ ਹਰ ਕੀ ਪਉੜੀ ਹੈ ਹਰੀ ਨਾਮ ਦੀ ਗੰਗਾ ਹੈ।''

ਇਸ ਰਸਾਲੇ ਵਿੱਚ ਅੱਗੇ ਇਕ ਥਾਂ ਤੇ ਗੁਰੂ ਘਰ ਦੀ ਸਮੁੱਚੀ ਮਰਿਆਦਾ ਨੂੰ ਤਰੋੜ ਮਰੋੜ ਕੇ ਪੇਸ਼ ਕੀਤਾ ਗਿਆ ਹੈ ਅਤੇ ਇਸ ਦਾ ਮਕਸਦ ਸਿੱਧੇ ਰੂਪ ਵਿੱਚ ਸਿੱਖ ਪਰੰਪਰਾ ਦੀ ਵਿਲੱਖਣਤਾ ਉੱਪਰ ਸੱਟ ਮਾਰਨਾ ਹੈ ਅਤੇ ਉਸ ਨੂੰ ਹਿੰਦੂ ਪਰੰਪਰਾ ਵਿੱਚ ਜਜ਼ਬ ਕਰਨਾ ਹੈ। ਲਿਖਿਆ ਹੈ ''ਗੁਰੂ ਘਰ ਦੀਆ ਮਰਿਆਦਾਵਾ ਵਿੱਚ ਤਿਲਕ ਤੇ ਯਗਯੋਪਵੀਤ ਦੀ ਵਿਸ਼ੇਸ਼ ਮਹਿਮਾ ਰਹੀ ਹੈ। ਗੁਰੂ-ਗੱਦੀ ਦੇਣ ਸਮੇਂ ਤਿਲਕ ਲਾਉਣ ਦੀ ਸਨਾਤਨੀ ਪਰੰਪਰਾ ਤਾਂ ਗੁਰੂ ਘਰ ਵਿੱਚ ਪ੍ਰਚਲਤ ਹੋ ਚੁੱਕੀ ਸੀ। ਉਸ ਨੂੰ ਪੂਰੀ ਮਾਨਤਾ ਮਿਲੀ ਹੈ। ਇਸੇ ਤਰ੍ਹਾਂ ਗੁਰੂ ਘਰ ਵਿੰਚ ਯਗਯੋਪਵੀਤ ਦੀ ਇੱਕ ਆਸਥਾਪੂਰਣ ਮਰਿਆਦਾ ਰਹੀ ਹੈ। ਸਾਰੇ ਸਿੱਖ ਗੁਰੂਆਂ, ਉਨ੍ਹਾਂ ਦੀਆਂ ਸੰਤਾਨਾਂ ਦਾ ਉਪਨਯਨ ਸੰਸਕਾਰ ਹੋਇਆ ਹੈ। ਉਨ੍ਹਾਂ ਦੇ ਆਪਣੇ ਵਿਆਹ ਉਨ੍ਹਾਂ ਦੇ ਪੁੱਤਰਾ ਤੇ ਪੋਤਰਿਆਂ ਦੇ ਵਿਆਹ ਸੰਪੂਰਨ ਸਨਾਤਨੀ-ਵੈਦਿਕ ਮਰਿਆਦਾ ਅਨੁਸਾਰ ਹੋਏ ਹਨ। ਏਨਾ ਹੀ ਨਹੀਂ, ਗੁਰੂ ਘਰ ਵਿੱਚ ਸਾਰਿਆਂ ਦੇ ਅੰਤਮ ਸੰਸਕਾਰ ਵੈਦਿਕ ਰੀਤਿਆਂ ਨਾਲ ਹੁੰਦੇ ਆਏ ਹਨ। ਇਸ ਦੇ ਪਰਮਾਣ ਨਾਨਕ ਪ੍ਰਕਾਸ਼-ਸੂਰਜ ਪ੍ਰਕਾਸ਼ 'ਚ ਮਿਲਦੇ ਹਨ। ਇਹ ਗ੍ਰੰਥ ਸਿੱਖ ਸੰਸਾਰ ਵਿੱਚ ਬਹੁਤ ਸ਼ਰਧਾ ਦੇ ਕੇਂਦਰ ਰਹੇ ਹਨ। ਇਸ ਲਈ ਇਹ ਗਲ ਨਿਰਵਿਵਾਦ ਹੈ ਕਿ ਗੁਰੂ ਘਰ ਵਿੱਚ ਤਿਲਕ ਦੇ ਜੰਞੂ ਦੀ ਮਰਿਆਦਾ ਸੀ।''

ਅਸਲ ਵਿੱਚ ਸਿੱਖਾਂ ਦੀ ਮੁਢਲੀ ਪਛਾਣ ਤੋਂ ਹੀ ਮੁਨਕਰ ਹੈ ਰਾਸ਼ਟਰੀ ਸਿੱਖ ਸੰਗਤ। ਹਰ ਮੁਮਕਿਨ ਕੋਸ਼ਿਸ਼ ਰਾਹੀਂ ਹਿੰਦੂ ਧਰਮ ਨੂੰ •ਵਡਿਆਉਣ ਅਤੇ ਦੂਜਿਆਂ ਨੂੰ ਉਸ ਦੇ ਮਾਤਹਿਤ ਛੋਟਾ ਦਰਸਾਉਣ ਦੀ ਇਕ ਵੱਡੀ ਵਿਉਂਤ ਦਾ ਹਿੱਸਾ ਹੈ ਇਹ ਭਟਕੇ ਸਿੱਖਾਂ ਦਾ ਸੰਗਠਨ । ਜਿਸ ਦਸਤਾਵੇਜ਼ ਦੀ ਅਸੀਂ ਗੱਲ ਕੀਤੀ ਹੈ ਉਸੇ ਵਿੱਚ ਇਕ ਹੋਰ ਥਾਂ ਤੇ ਲਿਖੇ ਇਹ ਸ਼ਬਦ ਬਹੁਤ ਤੱਵਜੋਂ ਦੇਣ ਵਾਲੇ ਹਨ- ''ਹਿੰਦੂ ਜੀਵਨ ਦਰਸ਼ਨ ਤਾਂ ਇਕ ਅਨਾਦਿ ਜਲ-ਸਰੋਤਿ ਹੈ। ਕਿਸ ਗੰਗੋਤਰੀ ਤੋਂ ਇਸ ਦਾ ਜਨਮ ਹੋਇਆ ਹੈ, ਕਿਸ ਪਾਵਨ ਛਿਨ ਵਿੱਚ ਜੀਵਨ ਦੀ ਇਹ ਮਾਨਵਤਾਵਾਦੀ ਅੰਮ੍ਰਿਤ ਜਲਧਾਰਾ ਫੁੱਟੀ ਇਤਿਹਾਸ ਇਸ ਬਾਰੇ ਮੋਨ ਹੈ। ਕਿ ਵਿਸ਼ਾਲ ਕਲਪ ਬ੍ਰਿਛ, ਰਸਾਤਲ ਤੱਕ ਜਿਸ ਦੀਆਂ ਜੜ੍ਹਾਂ ਪ੍ਰਸਾਰ ਕਰ ਚੁੱਕੀਆਂ ਹਨ। ਉਸ ਦੇ ਤਨੇ, ਉਪਤਨੇ, ਪ੍ਰਤਨੇ, ਸਾਖਾਵਾਂ, ਪ੍ਰਸ਼ਾਖਾਵਾਂ, ਉਪਸ਼ਾਖਾਵਾਂ, ਅਨੰਤ ਯੋਜਨਾ ਵਿੱਚ ਉਨ੍ਹਾਂ ਦਾ ਵਿਸਥਾਰ ਹੋ ਚੁੱਕਿਆ ਹੈ। ਇਹ ਖਾਲਸਾ ਸਮਾਜ ਹਿੰਦੂ ਕਲਪ ਬ੍ਰਿਛ ਦਾ ਮੁਧਰ ਅੰਮ੍ਰਿਤ ਫਲ ਹੈ।''

### *ਸਿੱਖ ਮਤ ਅਤੇ ਖਾਲਸਾ ਪੰਥ ਬਾਰੇ 1988 ਦੇ ਮੁਢਲੇ ਦਸਤਾਵੇਜਾਂ ਦੀਆਂ ਇਹ ਟੂਕਾਂ ਧਿਆਨ ਯੋਗ ਹਨ।*

1'ਸਿੱਖ ਅਤੇ ਬਾਕੀ ਹਿੰਦੂ ਸਮਾਜ ਇਕ ਅਖੰਡ ਅਤੇ ਨਾ ਵੰਡੇ ਜਾਣ ਵਾਲੀ ਇਕਾਈ ਹੈ।' 2 'ਸਿੱਖ ਵਿਆਪਕ ਹਿੰਦੂ ਸਮਾਜ ਦਾ ਅੰਗ ਹਨ।' 3 ਗੁਰਸਿੱਖ ਨੂੰ ਕੇਸਾਧਾਰੀ ਅਤੇ ਸਹਿਜਧਾਰੀ ਵਿੱਚਕਾਰ ਵੰਡਣਾ ਅਤੇ ਇਨ੍ਹਾਂ ਦੇ ਦੋ ਅਲੱਗ ਧਾਰਾਵਾਂ ਦੇ ਰੂਪ ਵਿੱਚ ਵੇਖਣਾ ਇਤਿਹਾਸ ਦੀ ਨਾ-ਸਮਝੀ ਹੈ। 4 ਸਿੱਖ ਪੰਥ ਹਿੰਦੂ ਧਰਮ ਦਾ ਇਕ ਸੰਪ੍ਰਦਾਇ ਹੈ। ਇਕੋ ਜਿਹੇ ਸੰਪ੍ਰਦਾਇ ਇਹੋ ਜਿਹੇ ਭੇਦਾਂ ਕਰਕੇ ਕਈ ਧਰਮਾਂ ਵਿੱਚ ਪਾਏ ਜਾਂਦੇ ਹਨ 5 ਸਿੱਖ ਪੰਥ ਹਿੰਦੂ ਧਰਮ ਰੂਪੀ ਵਿਸ਼ਾਲ ਬਗੀਚੇ ਦਾ ਇਕ ਚੁਣਿਆ ਹੋਇਆ ਸੁੰਦਰ ਅਤੇ ਸੁਗੰਧਿਤ ਫੁੱਲਾਂ ਦਾ ਗੁੱਛਾਂ ਹੈ। 6 ਹਿੰਦੂ ਕਲਪ ਬ੍ਰਿਛ ਦਾ ਅੰਮ੍ਰਿਤਫਲ ਹੈ ਖਾਲਸਾ ਪੰਥ। 7. ਸਿੱਖ ਮਤ ਤੇ ਖਾਲਸਾ ਪੰਥ ਦੀ ਸਥਾਪਨਾ ਦੇਸ਼ ਅਤੇ ਹਿੰਦੂ ਧਰਮ ਦੀ ਰਖਿਆ ਲਈ ਹੋਈ ਸੀ। ਗੁਰੂ ਸਾਹਿਬ ਦੇ


www.AKJ.Org

ਵਿਅਕਤਿਤਵ ਅਤੇ ਕੁਰਬਾਨੀਆਂ ਨੂੰ ਆਪਣੀ ਸਾਜ਼ਿਸ਼ ਅਨੁਸਾਰ ਢਾਲਣ ਵਾਲੀਆਂ ਇਹ ਟੂਕਾਂ ਵੀ ਵੇਖਣ ਵਾਲੀਆਂ ਹਨ। 1 ਗੁਰੂ ਨਾਨਕ ਦਾ ਜੀਵਨ ਹਿੰਦੂ ਜੀਵਨ ਪੱਧਤੀ ਦੇ ਆਦਰਸ਼ਵਾਦ, ਕਰਮ ਭਗਤੀ ਤੇ ਗਿਆਨ ਦਾ ਵਿਚਿਤਰ ਮੇਲ ਹੈ। ੨ ਸਿੱਖ ਗੁਰੂਆਂ ਦੀ ਅਧਿਆਤਮਕ, ਭਗਤੀ ਅਤੇ ਸੂਰਮਗਤੀ ਦੀ ਪਰੰਪਰਾ ਸੰਪੂਰਣ ਹਿੰਦੂ ਸਮਾਜ ਲਈ ਗੌਰਵ ਦਾ ਵਿਸ਼ਾ ਹੈ। 3 ਗੁਰੂ ਤੇਗ ਬਹਾਦਰ ਨੇ ਹਿੰਦੂ ਧਰਮ ਅਤੇ ਸਮਾਜ ਉੱਪਰ ਆਏ ਸੰਕਟ ਦੇ ਨਿਵਾਰਣ ਲਈ ਬਲੀਦਾਨ ਦਿੱਤਾ ਸੀ। 4 ਗੁਰੂ ਗੋਬਿੰਦ ਸਿੰਘ ਦੇ ਦੋ ਪੁੱਤਰ ਹਿੰਦੂ ਧਰਮ ਦੀ ਰਖਿਆ ਲਈ ਮੁਗਲਾਂ ਨਾਲ ਜੂਝੇ ਸਨ ਅਤੇ ਦੋ ਪੁਤਰਾਂ ਨੇ ਖੁਸ਼ੀ ਨਾਲ ਆਪਣੇ ਆਪ ਨੂੰ ਦੀਵਾਰ ਵਿੱਚ ਚਿਣਾ ਦਿੱਤਾ ਸੀ।

ਗੁਰਬਾਣੀ ਅਤੇ ਗੁਰਮਤਿ ਬਾਰੇ ਰਾਸ਼ਟਰੀ ਸਿੱਖ ਸੰਗਤ ਦਾ ਨਜ਼ਰੀਆ ਇਨ੍ਹਾਂ ਕੁਝ ਟੂਕਾ ਤੋਂ ਸਪੱਸ਼ਟ ਹੁੰਦਾ ਹੈ : 1 ਗੁਰਬਾਣੀ ਨੂੰ ਵੈਦਿਕ ਉਪਨਿਸ਼ਦਿਕ ਪਰੰਪਰਾ ਤੋਂ ਵੱਖਰਾ ਕਰਕੇ ਵੇਖਣਾ ਅਬੋਧਤਾ ਅਤੇ ਅਗਿਆਨ ਹੈ। ੨ ਗੁਰਬਾਣੀ ਐਸੀ ਗਿਆਨ ਗੰਗਾ ਹੈ ਜਿਹੜੀ ਵੇਦਾਂ ਦੀ ਗੰਗੋਤਰੀ ਤੋਂ ਫੁੱਟਦੀ ਹੈ। 3 ਵੇਦਾਂ ਤੋਂ ਪ੍ਰੇਰਨਾ ਲੈ ਕੇ ਸਿੱਖ ਗੁਰੂਆਂ ਨੇ ਪੰਥ-ਅਭਿਮਾਨ ਰਹਿਤ ਮਾਰਗ ਅਪਨਾਇਆ ਸੀ। 4 ਜਪੁਜੀ ਗੀਤਾ ਦਾ ਛੋਟਾ ਰੂਪ ਹੈ।

ਰਤਾ ਵੀ ਗਹੁ ਨਾਲ ਅਧਿਐਨ ਕਰੀਏ ਤਾਂ ਇਨ੍ਹਾਂ ਟੂਕਾਂ ਵਿੱਚ ਛੁਪੀ ਕੁਟਲ-ਭਾਵਨਾ ਸਪੱਸ਼ਟ ਨਜ਼ਰ ਆਵੇਗੀ। ਜੇ ਖਾਲਸਾ ਪੰਥ ਦੀ ਸਿਰਜਣਾ ਦਾ ਮਕਸਦ ਹਿੰਦੂ ਧਰਮ ਦੀ ਰੱਖਿਆ ਕਰਨਾ ਸੀ ਤਾ ਹਿੰਦੂ ਮੂਲਵਾਦੀਆਂ ਦੇ ਮਤ ਅਨੁਸਾਰ ਸਪੱਸ਼ਟ ਹੈ ਕਿ ਅੱਜ ਉਸ ਦੇ ਕਾਇਮ ਰਹਿਣ ਦਾ ਕੋਈ ਮੰਤਵ ਨਜ਼ਰ ਨਹੀਂ ਆਉਂਦਾ। ਵੱਧ ਤੋਂ ਵੱਧ ਉਹ ਖਾਲਸਾ ਪੰਥ ਨੂੰ ਵਿਸ਼ਾਲ ਹਿੰਦੂ ਧਰਮ ਦਾ ਇਕ ਸੰਪ੍ਰਦਾਇ ਮੰਨਣ ਦੀ ਰਿਆਇਤ ਦੇ ਸਕਦੇ ਹਨ ਅਤੇ ਇਸ ਤਰ੍ਹਾਂ ਸਿੱਖ ਪੰਥ ਦੀ ਅੱਡਰੀ ਤੇ ਵੱਖਰੀ ਧਾਰਮਿਕ ਹੋਂਦ ਨੂੰ ਉਹ ਕਦਾਚਿਤ ਮੰਨਣ ਨੂੰ ਤਿਆਰ ਨਹੀਂ। ਸਿੱਖ ਗੁਰੂਆਂ ਦੇ ਵਿਅਕਤਿਤਵ ਨੂੰ ਇਨ੍ਹਾਂ ਹਿੰਦੂ ਮੂਲਵਾਦੀਆਂ ਨੇ ਛੁਟਿਆਉਣ ਦੀ ਭਰਪੂਰ ਕਸ਼ਿਸ਼ ਕੀਤੀ ਹੈ। ਮਿਸਾਲ ਵਜੋਂ ਬੜੇ ਸ਼ਾਤਰ ਤਰੀਕੇ ਨਾਲ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਦੇ ਸਾਰੇ ਸਾਕੇ ਨੂੰ ਆਪਣੇ ਹੱਕ ਦੀ ਥੀਊਰੀ ਵਿੱਚ ਫਿੱਟ ਕਰ ਦਿੱਤਾ ਹੈ। ਸ਼ਹਾਦਤ ਦੀ ਵਿਆਪਕਤਾ ਅਤੇ ਉਸ ਦੇ ਪਿੱਛੇ ਕਾਰਜਸ਼ੀਲ ਸਿਧਾਂਤ ਨੂੰ ਪੂਰੀ ਤਰ੍ਹਾਂ ਲੋਕਾਂ ਦੇ ਜ਼ਿਹਨ 'ਚੋਂ ਕੱਢਣ ਦੀ ਕੋਸ਼ਿਸ਼ ਕੀਤੀ ਹੈ। ਮਹਾਨ ਸ਼ਹਾਦਤ ਦੇ ਵਡੇਰੇ ਮਕਸਦ ਨੂੰ ਛੁਟਿਆਉਣ ਲਈ ਇਤਿਹਾਸਕ ਤੱਥਾਂ ਨੂੰ ਮਨਮਰਜ਼ੀ ਨਾਲ ਤਰੋੜ ਮਰੋੜ ਕੇ ਪੇਸ਼ ਕੀਤਾ ਹੈ। ਸ਼ਾਇਦ ਇਸ ਨਾਲ ਦੋ ਮਕਸਦ ਹੱਲ ਹੁੰਦੇ ਹਨ। ਇਕ ਸ਼ਹਾਦਤ ਦੀ ਵਿਆਪਕਤਾ ਖਤਮ ਹੁੰਦੀ ਹੈ 'ਸਗਲ ਸ੍ਰਿਸਟ ਪਰ ਢਾਪੀ ਚਾਦਰ' ਵਾਲੀ ਸੈਨਾਪਤੀ ਦੀ ਲਿਖਤ ਬੇਮਾਨੀ ਜਿਹੀ ਹੋ ਜਾਂਦੀ ਹੈ ਅਤੇ ਦੂਜਾ ਸਿੱਖ ਹਿੰਦੂ ਘੇਰੇ ਵਿਚ ਆ ਜਾਂਦੇ ਹਨ। ਫਿਰ ਗੁਰੂ ਗ੍ਰੰਥ ਸਾਹਿਬ ਸਿੱਖਾਂ ਦਾ ਗੁਰੂ ਹੈ ਪ੍ਰਗਟ ਗੁਰਾਂ ਕੀ ਦੇਹ ਹੈ। ਉਸ ਵਿੱਚ ਦਰਜ ਬਾਣੀ ਨੂੰ ਵੇਦਾਂ-ਉਪਨਿਸ਼ਦਾਂ 'ਚੋਂ ਨਿਕਲਿਆ ਦਸਣਾ ਉਸ ਦੀ ਸੰਪ੍ਰਭੂਤਾ ਉਪਰ ਚੋਟ ਹੈ। ਵੇਦਾਂ ਨੂੰ ਗੰਗੋਤ੍ਰੀ ਅਤੇ ਗੁਰਬਾਣੀ ਨੂੰ ਉਸ 'ਚੋਂ ਨਿਕਲੀ ਹੋਈ ਗੰਗਾ ਦੱਸਣਾ ਸਰਾਸਰ ਸ਼ਰਾਰਤਪੂਰਣ ਹੈ। ਇਸ ਪਿੱਛੇ ਕੁਟਲ ਚਾਲ ਇਹ ਹੈ ਕਿ ਸਿੱਖ ਮਨਾਂ ਵਿੱਚ ਵੇਦਾਂ ਦੀ ਮਹੱਤਤਾ ਉਜਾਗਰ ਹੋਵੇ ਅਤੇ ਉਹ ਵੇਦਾਂ ਨੂੰ ਗੁਰਬਾਣੀ ਦੇ ਮੁਕਾਬਲੇ ਵੱਡਾ ਮੰਨਣਾ ਸ਼ੁਰੂ ਕਰ ਦੇਣ। ਇਸ ਤਬਦੀਲੀ ਨਾਲ ਉਨ੍ਹਾਂ ਦੀ ਹੋਂਦ ਨੂੰ ਬੁਨਿਆਦੀ ਸੱਟ ਵੱਜ ਸਕਦੀ ਹੈ।

ਅਸੀਂ ਕਹਿਣਾ ਚਾਹੁੰਦੇ ਹਾਂ ਕਿ ਸਿੱਖ ਧਰਮ ਇੱਕ ਖੁਦ-ਮੁਖਤਿਆਰ ਸੰਪੂਰਨ, ਸੁਤੰਤਰ ਅਤੇ ਸੰਪ੍ਰਭੂ ਧਰਮ ਹੈ ਅਤੇ ਉਸ ਦੇ ਪੈਰੋਕਾਰਾਂ ਦੀ ਅੱਡਰੀ ਹੋਂਦ ਹੈ, ਜਿਹੜੀ ਉਨ੍ਹਾਂ ਨੇ ਬੜੀਆਂ ਕੁਰਬਾਨੀਆਂ ਤੋਂ ਬਾਅਦ ਸੁਨਿਸ਼ਚਿਤ ਕੀਤੀ ਹੈ। ਅੱਜ ਸਿੱਖ ਜਿਸ ਸੰਘਰਸ਼ ਵਿੱਚ ਰੁਝੇ ਹੋਏ ਹਨ, ਉਸ ਦਾ ਨਿਸ਼ਾਨਾ ਅੱਡਰੀ ਧਾਰਮਿਕ ਹੋਂਦ ਤੋਂ ਬਾਅਦ ਸਿੱਖਾਂ ਦੀ ਜਮਾਤੀ ਰਾਜਨੀਤਕ ਪਛਾਣ ਕਾਇਮ ਕਰਨਾ ਹੈ। ਪਰ ਆਰ. ਐਸ. ਐਸ. ਰਾਸ਼ਟਰੀ ਸਿੱਖ ਸੰਗਤ ਨੇ ਮੁੱਢੋਂ ਸੁੱਢੋਂ ਸਿੱਖ ਪੰਥ ਦੀ ਅੱਡਰੀ ਧਾਰਮਿਕ ਹੋਂਦ ਨੂੰ ਹੀ ਵੰਗਾਰ ਪਾ ਦਿੱਤੀ ਹੈ ਅਤੇ ਲੰਮੇ ਮਨਸੂਬੇ ਅਧੀਨ ਰਾਜਨੀਤਕ ਹਕੂਕ ਲਈ ਜੂਝ ਰਹੀ ਸਿੱਖ ਕੌਮ ਦੀ ਬੁਨਿਆਦੀ ਧਾਰਮਿਕ ਪਛਾਣ ਉੱਪਰ ਹੀ ਖੁਲਮ ਖੁਲ੍ਹਾ ਹਮਲਾ ਕਰ ਦਿੱਤਾ ਹੈ।


www.AKJ.Org

# ਗੁਰਮਤਿ ਦਾ ਦ੍ਰਿਸਟੀ ਕੋਣ ਅਤੇ ਕਈ ਧਿਆਨ ਯੋਗ ਨੁਕੱਤੇ

(ਗਿ: ਊਧਮ ਸਿੰਘ ਜੀ)

**ਧਰਮ ਦੇ ਜਾਂ ਕਿਸੇ ਹੋਰ ਪਵਿੱਤ੍ਰ ਨਾਂ ਦੇ ਪਰਦੇ ਔਹਲੇ ਕੁਕਰਮ ਕਰਨੇ ਤੇ ਧੜੇ ਪਾਲਣੇ, ਮਲੇਛ ਖਾਲਸੇ ਦਾ ਕੰਮ ਹੈ, ਗੁਰੂ ਖ਼ਾਲਸੇ ਦਾ ਨਹੀਂ।**

ਸਿੱਖ ਕੌਮ ਨੂੰ ਆਪਸੀ ਜਥੇਬੰਦੀ ਲਈ ਗੁਰਮਤਿ ਗੁਰੂ ਸਾਹਿਬਾਨ ਦੀ ਕੁਰਬਾਨੀ ਅਤੇ ਨਿਰੋਲ ਪੰਥਕ ਭਲਾਈ ਨੂੰ ਹੀ ਮੁੱਖ ਰੱਖਣਾ ਚਾਹੀਦਾ ਹੈ।

ਸਿੱਖੀ ਦੇ ਵਿੱਚ ਕਿਸੇ ਵੀ ਕਾਨੂੰਨ ਤੋਂ ਗੁਰਮਤਿ ਦਾ ਕਾਨੂੰਨ ਉੱਤਮ ਹੈ, ਜਿਸ ਦੀ ਉਲੰਘਣਾ ਕਰਨ ਵਾਲੇ ਨੂੰ ਸਿੱਖੀ ਤੋਂ ਬਾਗ਼ੀ ਗਿਣਿਆ ਜਾਣਾ ਚਾਹੀਦਾ ਹੈ।

ਆਪਣੇ ਸੁੱਖ ਅਤੇ ਸਵਾਰਥ ਲਈ ਕੌਮ ਨਾਲ ਧ੍ਰੋਹ ਕਰਨਾ ਜਾਂ, ਗੁਰਮਤਿ ਦੇ ਵਿਰੁੱਧ ਕੋਈ ਗੱਲ ਕਰਨੀ, ਸਿੱਖੀ ਤੋਂ ਬੇਮੁਖਤਾ ਅਤੇ ਨੀਵਾਂ ਪਨ ਹੈ।

ਜੋ ਮਨੁੱਖ ਗੁਰਮਤਿ ਸਿਧਾਂਤ ਦੇ ਉਲਟ ਕੋਈ ਪ੍ਰਥਾ ਕਾਇਮ ਕਰਨੀ ਚਾਹੁੰਦਾ ਹੋਵੇ, ਉਸ ਦੀ ਪ੍ਰੋੜ੍ਹਤਾ ਕਿਸੇ ਗੁਰ ਸਿੱਖ ਨੂੰ ਨਹੀਂ ਕਰਨੀ ਚਾਹੀਦੀ।

ਸਿੱਖੀ ਅਕੀਦੇ ਅਨੁਸਾਰ 'ਗੁਰੂ' ਈਸ਼ਵਰ ਦਾ ਸਾਕਾਰ ਰੂਪ ਹੈ, ਜਿਸ ਦਾ ਹਰ ਸਿੱਖ ਦੇ ਹਿਰਦੇ ਵਿੱਚ ਪ੍ਰਮਾਤਮਾ ਦੇ ਤੁੱਲ ਸਤਿਕਾਰ ਹੋਣਾ ਚਾਹੀਦਾ ਹੈ।

ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਬੈਠਾ ਸਿੱਖ ਅਪਣੇ ਆਪ ਨੂੰ ਗੁਰੂ ਅਰਜਨ ਦੇਵ ਜੀ ਦੇ ਸਨਮੁਖ ਬੈਠਾ ਮਹਿਸੂਸ ਨਾ ਕਰੇ ਤਾਂ ਕੀ ਸਿੱਖੀ ਹੈ।

ਜੋ ਸਿੱਖ ਗੁਰਮਤਿ ਦੇ ਕਿਸੇ ਸਿਧਾਂਤ ਜਾਂ ਮਰਯਾਦਾ ਬਾਰੇ ਛਲ ਫਰੇਬ ਦੀ ਗੱਲ ਕਰੇ ਉਸ ਤੋਂ ਸਿੱਖ ਆਗੂਆਂ ਨੂੰ ਸਦਾ ਬਚਕੇ ਰਹਿਣਾ ਚਾਹੀਦਾ ਹੈ।

ਕਿਸੇ ਸਿੰਘ ਦੇ ਹਰਿ ਮੰਦਿਰ ਸਾਹਿਬ ਤੇ ਤਖ਼ਤਾਂ ਦੀ ਸੇਵਾ ਤੋਂ ਹਟ ਜਾਣ ਪਿਛੋਂ, ਉਸ ਦੇ ਨਾਂ ਨਾਲ "ਸਿੰਘ ਸਾਹਿਬ" ਪਦ ਦਾ ਪ੍ਰਯੋਗ ਨਹੀਂ ਕਰਨਾ ਚਾਹੀਦਾ।

ਖਾਲਸਾ ਪੰਥ ਦੀ ਦ੍ਰਿਸ਼ਟੀ ਵਿੱਚ ਦੁਨੀਆਂ ਦੀ ਹਰ ਸ਼ੱਕਤੀ, ਸਿਆਣਪ ਅਤੇ ਧੜੇ ਨਾਲੋਂ ਗੁਰਮਤਿ ਦਾ ਦ੍ਰਿਸ਼ਟੀਕੌਣ ਸਰਬੋਤਮ ਹੋਣਾ ਚਾਹੀਦਾ ਹੈ।

ਸਮੁੱਚੀ ਸਿੱਖ ਕੌਮ ਜੇ ਇਕ ਮੁੱਠ ਹੋ ਕੇ ਗੁਰਮਤਿ ਨੂੰ ਅਪਣਾ ਨਿਸ਼ਾਨਾ ਬਣਾ ਲਵੇ ਤਾਂ ਦੁਨੀਆਂ ਦੀ ਕੋਈ ਵੀ ਸ਼ਕਤੀ ਇਸ ਤੇ ਹਾਵੀ ਨਹੀਂ ਹੋ ਸਕਦੀ।

ਸਿੱਖ ਲਈ ਕਿਸੇ ਸ਼ੁਭ ਕੰਮ ਦਾ ਪ੍ਰਣ ਕਰਨਾ ਗੁਰਮਤਿ ਦੇ ਵਿਰੁੱਧ ਨਹੀਂ ਪਰ ਪ੍ਰਣ ਕਰਕੇ ਫਿਰ ਤੋੜ ਦੇਣਾ ਮਹਾਨ ਅਵਗਿਆ ਅਤੇ ਭੁੱਲ ਹੈ।

ਜੋ ਵਿਅਕਤੀ ਗੁਰਮਤਿ ਵਿਰੋਧੀ ਮੱਤ ਦਾ ਮਾਰਗ ਅਪਨਾਇ, ਉਸ ਦੀ ਸਫ਼ਲਤਾ ਲਈ ਅਰਦਾਸ ਜਾਂ ਅਸ਼ੀਰਵਾਦ ਗੁਰਮਤਿ ਵਿਰੋਧੀ ਗੱਲ ਹੈ।

ਖ਼ਾਲਸਾ ਪੰਥ ਉਸੇ ਜਥੇ ਬੰਦੀ ਦਾ ਨਾਂ ਹੈ, ਜਿਸ ਦਾ ਧਰਮ, ਰਹੁ ਰੀਤੀ, ਰਾਜ ਨੀਤੀ, ਰਹਿਤ ਮਰਯਾਦਾ ਤੇ ਇਸ਼ਟ ਉਪਾਸ਼ਨਾ ਦਾ ਨਜ਼ਰੀਆ ਇੱਕ ਹੈ।

ਕਿਸੇ ਵੀ ਸਿੱਖ ਨੂੰ ਅਪਣੇ ਔਹਦੇ ਨਾਲ, ਅਖੰਡ ਪਾਠ ਸਕੱਤ੍ਰ, ਸੁਖਮਨੀ ਸਕੱਤ੍ਰ, ਜਾਂ ਕੀਰਤਨ ਸਕੱਤ੍ਰ ਆਦਿ ਸ਼ਬਦ ਨਹੀਂ ਵਰਤਨੇ ਚਾਹੀਦੇ।

ਸੰਗਤ ਵੈਸੇ ਕਿਸੇ ਸਮੇਂ ਵੀ ਸ਼ਬਦ ਪੜ੍ਹੇ ਚੰਗੀ ਗੱਲ ਹੈ ਪਰ ਕਿਸੇ ਸੰਤ ਦੇ ਜਾਂ ਨੇਤਾ ਦੇ ਸਵਾਗਤ ਲਈ ਸ਼ਬਦ ਪੜ੍ਹਨੇ ਸ਼ਬਦਾਂ ਦੀ ਬੇਅਦਬੀ ਹੈ।

ਮਾਇਆ ਦੇ ਇੱਛਕ ਕਈ ਰਾਗੀ ਸਿੰਘ ਕਿਸੇ ਮਨੁੱਖ ਦੀ ਉਸਤਤ ਨੂੰ ਮੁਖ ਰਖ ਕੇ ਹੀ ਉਸ ਭਾਵ ਦੇ ਸ਼ਬਦ ਪੜਦੇ ਹਨ, ਜੋ ਚੰਗੀ ਭਾਵਨਾ ਨਹੀਂ।



www.AKJ.Org

ਕਿਸੇ ਵੀ ਸਿੱਖ ਨੂੰ ਕਦੇ ਅਪਣੇ ਸਿਰ ਤੇ ਉਤੇ ਕਲਗੀ ਨਹੀਂ ਸਜਾਣੀ ਚਾਹੀਦੀ, ਕਿਉਂ ਕਿ ਇਹ ਗੁਰੂ ਗੋਬਿੰਦ ਸਿੰਘ ਜੀ ਦੀ ਬਰਾਬਰੀ ਵਾਲੀ ਅਵੱਗਿਆ ਹੈ।

ਸਿੱਖ ਪੰਥ ਵਿੱਚ ਸ਼ਸਤ੍ਰਾਂ ਦਾ ਆਦਰ ਸਤਿਕਾਰ ਕਰਨਾ ਤਾਂ ਯੋਗ ਹੈ, ਪਰ ਉਨ੍ਹਾਂ ਅੱਗੇ ਮੱਥਾ ਟੇਕਨਾ ਜਾ ਪ੍ਰਸ਼ਾਦ ਚੜ੍ਹਾਣਾ ਗੁਰਮਤਿ ਦੇ ਵਿਰੁੱਧ ਹੈ।

**ਚੋਰੀ ਪਾਪ ਹੈ ਪਰ ਕਿਸੇ ਦੀ ਲਿਖਤ ਨੂੰ ਚੁਰਾ ਕੇ ਅਪਣੇ ਨਾਂ ਤੇ ਛਾਪਣਾ ਉਸ ਚੋਰ ਦਾ ਕੰਮ ਹੈ, ਜਿਸ ਵਿੱਚ ਚੋਰੀ ਹੰਕਾਰ, ਤੇ ਝੂਠ ਤਿੰਨੇ ਪਾਪ ਹੋਣ।**

ਸਿਨਮਾਂ ਗੰਦੇ ਗੀਤ, ਨਾਵਲ ਤੇ ਕਹਾਣੀਆਂ ਪੜ੍ਹਣ ਵਾਲਿਆ ਦੇ ਮਨ ਚੜ੍ਹਦੀ ਕਲਾ ਵਿੱਚ ਨਹੀਂ ਰਹਿ ਸਕਦੇ, ਇਨ੍ਹਾਂ ਦਾ ਤਿਆਗ ਕਰਨਾ ਚਾਹੀਦਾ ਹੈ।

ਧੋਤੀ ਬੰਨ੍ਹਣੀ, ਪੱਗ ਦਾ ਸ਼ਮਲਾ ਰੱਖਣਾ, ਜਾਂ ਪਿਛੋਂ ਟੁੰਗਣਾ, ਅੰਗੀਆਂ ਤੇ ਸੂਹੇ ਬਸਤ੍ਰ ਪਹਿਨਣੇ ਇਹ ਪੁਰਾਤਨ ਗੁਰ ਸਿੱਖਾਂ ਵਾਲਾ ਪਹਿਰਾਵਾ ਨਹੀਂ।

ਸਿੱਖ ਧਰਮ ਨਾਲ ਸਬੰਧਤ ਜਾਂ ਗੁਰਬਾਣੀ ਦੀ ਕਿਸੇ ਤੁੱਕ ਤੇ ਫ਼ਿਲਮ ਬਨਾਣਾ ਤੇ ਸਿਨਮੇ ਵਿੱਚ ਸਿੱਖੀ ਦੇ ਬਨਾਉਟੀ ਸਾਂਗ ਦਿਖਾਣੇ ਮਨਮਤਿ ਹੈ।

ਸਿੱਖ ਨੂੰ ਕਦੇ ਗੁਰੂ ਸਾਹਿਬ ਦੀ ਸਹੁੰ ਨਹੀਂ ਚੁੱਕਣੀ ਚਾਹੀਦੀ, ਪਰ ਜੇ ਕਿਸੇ ਗੱਲੋਂ ਚੁਕ ਲਵੇ ਤਾ ਜਾਣ ਬੂਲ ਕੇ ਵੀ ਉਸ ਨੂੰ ਤੋੜ ਨਿਭਾਨਾ ਚਾਹੀਦਾ ਹੈ।

ਸੰਗਤ ਤੇ ਪੰਗਤ ਸਿੱਖ ਧਰਮ ਦੇ ਬੁਨਿਆਦੀ ਅਸੂਲ ਹਨ, ਕਿਸੇ ਵੀ ਗੁਰ ਸਿੱਖ ਨੂੰ ਇਨ੍ਹਾਂ ਤੋਂ ਅਲਹਿਦਗੀ ਨਹੀਂ ਅਖ਼ਤਿਆਰ ਕਰਨੀ ਚਾਹੀਦੀ।

ਬਦੇਸ਼ੀ ਹਮਲਿਆਂ ਸਮੇਂ ਰਾਤ ਦੇ ਬਾਰਾਂ ਵਜੇ ਹਿੰਦੂ ਲੜਕੀਆਂ ਛੁੜਾਨ ਤੇ ਸਿੱਖਾਂ ਨੂੰ ਬਾਰਾਂ ਵਜੇ ਦਾ ਮਿਹਣਾ ਮਾਰਨਾ, ਅਕਿਰਤਘਣਤਾ ਦੀ ਹੱਦ ਹੈ।

ਸੰਸਾਰ ਤੇ ਕਿਸੇ ਵੀ ਮਨੁੱਖ ਜਾਤੀ ਤੇ ਅਤਿਆਚਾਰ ਹੁੰਦਾ ਹੋਵੇ, ਸਿੱਖਾਂ ਨੂੰ ਬਿਨਾਂ ਭੇਦ ਭਾਵ ਉਸਦੀ ਹਮਦਰਦੀ ਵਜੋਂ ਆਵਾਜ਼ ਉਠਾਣੀ ਚਾਹੀਦੀ ਹੈ।

ਕਿਸੇ ਸ਼ਹਿਰ ਨਗਰ ਜਾਂ ਮਹੱਲੇ ਵਿੱਚ ਕੋਈ ਮਨੁੱਖ ਗਰੀਬ ਅਤੇ ਲੋੜਵੰਦ ਹੋਵੇ ਤਾਂ ਸਭ ਨੂੰ ਮਿਲ ਕੇ ਉਸ ਦੀ ਯੋਗ ਮਦਦ ਕਰਣੀ ਚਾਹੀਦੀ ਹੈ।

ਗਰੀਬੀ ਵਿਚ ਦਾਨ ਅਮੀਰੀ ਵਿੱਚ ਸਾਦਗੀ, ਤਾਕਤ ਹੋਂਦਿਆਂ ਖਿਮਾ, ਤੇ ਵਿਦਵਾਨ ਹੋਂਦਿਆਂ ਨਿਰਮਾਣ ਹੋਣਾ, ਕਿਸੇ ਵਿਰਲੇ ਸਤ ਪੁਰਖ ਦਾ ਕੰਮ ਹੈ।

ਕਿਸੇ ਵੀ ਧਾਰਮਕ ਜਾਂ ਸਿਆਸੀ ਗੁਰਸਿੱਖ ਨੂੰ ਲਾਲਚ ਵਿੱਚ, ਜਾਂ ਕਿਸੇ ਲਿਹਾਜ ਵਿਚ ਪੈ ਕੇ ਸਿੱਖੀ ਸ਼ਾਨ ਦੇ ਵਿਰੁੱਧ ਕੋਈ ਗੱਲ ਨਹੀਂ ਕਰਣੀ ਚਾਹੀਦੀ।

ਕਿਸੇ ਵੀ ਗੁਰੂ ਦੇ ਸਿਖ ਮਾਈ ਜਾਂ ਭਾਈ ਨੂੰ ਕਿਧਰੇ ਤਾਸ਼, ਚਉਪੜ, ਘੋੜਿਆਂ ਦੀ ਰੇਸ, ਜਾਂ ਕਿਸੇ ਹੋਰ ਤਰੀਕੇ ਨਾਲ ਕਦੇ ਵੀ ਜੂਆ ਨਹੀਂ ਖੇਲਣਾ ਚਾਹੀਦਾ।

ਸਿੱਖੀ ਵੀਚਾਰ ਅਤੇ ਸਿਧਾਂਤ ਨੂੰ ਅਪਣਾਈ ਰੱਖਣ ਦੇ ਲਈ ਸਿੱਖ ਨੂੰ ਕੱਚੇ ਪਿੱਲੇ ਲੋਕਾਂ ਦੀ ਵਿਰੋਧਤਾ ਦੀ ਪ੍ਰਵਾਹ ਨਹੀਂ ਕਰਨੀ ਚਾਹੀਦੀ।

ਜਿਸ ਗੁਰਸਿਖ ਨੂੰ ਲੋਕ ਸੇਵਾ, ਤੇ ਪਰਉਪਕਾਰ ਦੀ ਦਿਲੋਂ ਭੁੱਖ ਹੋਵੇ, ਉਸ ਨੂੰ ਆਮ ਲੋਕਾਂ ਵਿੱਚ ਵਿਚਰਨ ਦੀ ਸਾਂਝ ਕਾਇਮ ਰੱਖਣੀ ਚਾਹੀਦੀ ਹੈ।

ਲੋਕਾਂ ਤੋਂ ਦੂਰ ਰਹਿਣਾ, ਭੇਖ ਵਾਲਾ ਲਿਬਾਸ ਪਾਣਾ ਤੇ ਬਹੁਤਾ ਇਕੱਠ ਹੋਣ ਤੇ ਜਨਤਾ ਵਿੱਚ ਜਾਣ ਵਾਲਾ ਬੰਦਾ, ਕਦੇ ਹੰਕਾਰ ਤੋਂ ਨਹੀਂ ਬਚ ਸਕਦਾ।

ਜੋ ਸਿੱਖ ਜੀਵਨ ਤੋਂ ਬਿਨਾਂ ਸਿੱਖ ਹੋਣ ਦਾ ਜੇ ਮਾਣ ਕਰੇ, ਉਸ ਤੇ ਇਹ ਵਾਕ ਲਾਗੂ ਹੈ, "ਨਾਨਕ ਤੇ ਨਰ ਅਸਲ ਖਰ ਜੋ ਬਿਨ ਗੁਣ ਗਰਬ ਕਰੰਤ"।

(ਬਾਕੀ ਪੰਨਾ ੨੨ ਤੇ ...)



www.AKJ.Org

# ਸਲੋਕ ਭਗਤ ਕਬੀਰ ਜੀਉ ਕੇ

(Translated By Jaspinder Singh)

ਕਬੀਰ ਹੈ ਗਇ ਬਾਹਨ ਸਘਨ ਘਨ ਲਾਖ ਧਜਾ ਫਹਰਾਹਿ॥ ਇਆ ਸੁਖ ਤੇ ਭਿਖ੍ਯ੍ਯਾ ਭਲੀ ਜਉ ਹਰਿ ਸਿਮਰਤ ਦਿਨ ਜਾਹਿ॥੧੧੨॥

Slok No.112: O' Kabir! Rather than the fortune of countless riding horses and elephants and palaces with fluttering flags as mark of royalty, a life of begging is better, if one was to engage in ceaseless Nam-meditation.-112

ਕਬੀਰ ਸਭੁ ਜਗੁ ਹਉ ਫਿਰਿਓ ਮਾਂਦਲੁ ਕੰਧ ਚਢਾਇ॥ ਕੋਈ ਕਾਹੂ ਕੋ ਨਹੀ ਸਭ ਦੇਖੀ ਠੋਕਿ ਬਜਾਇ॥੧੧੩॥

Slok No.113: O' Kabir! I have enquired the world over with beat of the drum to find out if any belonging is of enduring value. I now declare after investigation, that nothing really endures save the Nam-Divine.-113

ਮਾਰਗਿ ਮੋਤੀ ਬੀਥਰੇ ਅੰਧਾ ਨਿਕਸਿਓ ਆਇ॥ ਜੋਤਿ ਬਿਨਾ ਜਗਦੀਸ ਕੀ ਜਗਤੁ ਉਲੰਘੇ ਜਾਇ॥੧੧੪॥

Slok No.114: O' Kabir! The Divinely virtues lie in abundance in the course of life's sojurn, yet the blind of ignorance passby. Without the spiritual insight a mortal remains unaware of the enormous wealth of virtues Divine that lie within human reach.-114

ਬੂਡਾ ਬੰਸੁ ਕਬੀਰ ਕਾ ਉਪਜਿਓ ਪੂਤੁ ਕਮਾਲੁ॥ ਹਰਿ ਕਾ ਸਿਮਰਨੁ ਛਾਡਿ ਕੈ ਘਰਿ ਲੇ ਆਯਾ ਮਾਲੁ॥੧੧੫॥

Slok No.115: O' Kabir! Inspite of worldliness being of no enduring value, my mind, clings to worldly posseessions forsaking Nam Divine. Thus all my sense organs are drowned in worldliness and headed for spiritual ruin.-115

ਕਬੀਰ ਸਾਧੂ ਕਉ ਮਿਲਨੇ ਜਾਈਐ ਸਾਥਿ ਨ ਲੀਜੈ ਕੋਇ॥ ਪਾਛੈ ਪਾਉ ਨ ਦੀਜੀਐ ਆਗੈ ਹੋਇ ਸੁ ਹੋਇ॥੧੧੬॥

Slok No.116: O' Kabir! Seek not another company while going to meet a saint. Waver not and proceed straight for this holy mission, unmindful of any consequences.-116

ਕਬੀਰ ਜਗੁ ਬਾਧਿਓ ਜਿਹ ਜੇਵਰੀ ਤਿਹ ਮਤ ਬੰਧਹੁ ਕਬੀਰ॥ ਜੈਹਹਿ ਆਟਾ ਲੋਨ ਜਿਉ ਸੋਨ ਸਮਾਨਿ ਸਰੀਰੁ॥੧੧੭॥

Slok No.117 : O'Kabir ! Let thyself not get entangled with worldly attachment like rest of the mortals. This perecious human life bestowed for Godliness will get wasted cheaply in worldliness.- 117

ਕਬੀਰ ਹੰਸੁ ਉਡਿਓ ਤਨੁ ਗਾਡਿਓ ਸੋਝਾਈ ਸੈਨਾਹ॥ ਅਜਹੂ ਜੀਉ ਨ ਛੋਡਈ ਰੰਕਾਈ ਨੈਨਾਹ॥੧੧੮॥

Slok No.118 : O'Kabir ! The soul is about to depart and body is headed for the grave, yet the dying mortal does not give up worldly attachment. The other organs having failed, he is still trying to communicate with his eyes. Such over-powering is influence of meanness of attachment till the very end.-118

ਕਬੀਰ ਨੈਨ ਨਿਹਾਰਉ ਤੁਝ ਕਉ ਸ੍ਰਵਨ ਸੁਨਉ ਤੁਅ ਨਾਉ॥ ਬੈਨ ਉਚਰਉ ਤੁਅ ਨਾਮ ਜੀ ਚਰਨ ਕਮਲ ਰਿਦ ਠਾਉ॥੧੧੯॥

Slok No.119 : O' Kabir ! Grant the boon O' Lord to be saved from worldly attachment and instead all that is seen may be Godly-presence, hearing only Nam-Divine, uttering Thy Nam, imbibing Thy Nam in my heart. -119

ਕਬੀਰ ਸੁਰਗ ਨਰਕ ਤੇ ਮੈ ਰਹਿਓ ਸਤਿਗੁਰ ਕੇ ਪਰਸਾਦਿ॥ ਚਰਨ ਕਮਲ ਕੀ ਮਉਜ ਮਹਿ ਰਹਉ ਅੰਤਿ ਅਰੁ ਆਦਿ॥੧੨੦॥

Slok No.120 : O' Kabir ! Saved am I with grace of the Satguru from the desire for heaven and fear of hell and instead I enjoy Nam Divine from beginning till the end of my life.-120

ਕਬੀਰ ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ॥ ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ॥੧੨੧॥

Slok No.121 : O' Kabir ! How to describe the bliss of imbibing Nam in the heart? There is no parallel of this Divine-bliss, only the one who experiences knows about it.-121

ਕਬੀਰ ਦੇਖਿ ਕੈ ਕਿਹ ਕਹਉ ਕਹੇ ਨ ਕੋ ਪਤੀਆਇ॥ ਹਰਿ ਜੈਸਾ ਤੈਸਾ ਉਹੀ ਰਹਉ ਹਰਖਿ ਗੁਨ ਗਾਇ॥੧੨੨॥

Slok No.122 : O' Kabir ! How to desire Godly-presence? There is nothing comparable in the world and mere description satisfies not without one's own inner experience. I remain happy singing Divine Virtues.-122

(To be Continued)



www.AKJ.Org

# ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਲੜੀ ਜੋੜਨ ਲਈ ਸੂਰਾ ਮਈ ੨੦੦੦ ਦੇਖੋ

## ੨੯ -ਗੁਰਮੁਖਿ ਕਰਮ ਪਰਧਾਨ

ਬਾਹਰਿ ਜਨੇਊ ਜਿਚਰੁ ਜੋਤਿ ਹੈ ਨਾਲਿ॥ ਧੋਤੀ ਟਿਕਾ ਨਾਮੁ ਸਮਾਲਿ॥
ਐਥੈ ਓਥੈ ਨਿਬਹੀ ਨਾਲਿ॥ ਵਿਣੁ ਨਾਵੈ ਹੋਰਿ ਕਰਮ ਨ ਭਾਲਿ॥੨॥ ....
ਆਚਾਰੀ ਨਹੀ ਜੀਤਿਆ ਜਾਇ॥ ਪਾਠ ਪੜੈ ਨਹੀ ਕੀਮਤਿ ਪਾਇ॥
ਅਸਟ ਦਸੀ ਚਹੁ ਭੇਦੁ ਨ ਪਾਇਆ॥ ਨਾਨਕ ਸਤਿਗੁਰਿ ਬ੍ਰਹਮੁ ਦਿਖਾਇਆ॥੫॥੨੦॥

(ਆਸਾ ਮ: ੧, ਪੰਨਾ ੩੫੫)

ਵਿਆਖਿਆ- ਬਾਹਰਿ ਦਾ ਜਨੇਊ ਓਨਾ ਚਿਰ ਹੀ ਰਹਿੰਦਾ ਹੈ ਜਿਤਨਾ ਚਿਰ ਸਰੀਰ ਵਿਚ ਜੋਤਿ-ਆਤਮਾ ਕਾਇਮ ਹੈ। ਸਰੀਰ ਅੰਦਰੋਂ ਜੋਤਿ-ਆਤਮਾ ਦੇ ਨਿਕਲੇ ਪਿਛੋਂ ਸਰੀਰ ਭੀ ਏਥੇ ਹੀ ਰਹਿ ਜਾਂਦਾ ਹੈ ਅਤੇ ਜਨੇਊ ਭੀ ਏਥੇ ਹੀ ਝੜਿ ਪੈਂਦਾ ਹੈ। ਤਾਂਤੇ ਨਾਮ ਸਮਾਲਣ ਰੂਪੀ ਪਰਧਾਨ ਗੁਰਮੁਖੀ ਕਰਮ ਹੀ ਕਰਨ ਯੋਗ ਸ੍ਰੇਸ਼ਟ ਕਰਮ ਹੈ। ਧੋਤੀ, ਟਿੱਕਾ, ਜਨੇਊ ਆਦਿਕ ਆਨਮਤ ਕਰਮਾਂ ਦੇ ਕਰਨ ਦੀ ਕੋਈ ਲੋੜ ਨਹੀਂ। ਜਿਸ ਗੁਰਮੁਖ ਜਨ ਨੇ ਨਾਮ ਸਮਾਲਿ ਲਿਆ ਉਸ ਨੇ ਸਭੇ ਕਰਮ ਕਰ ਲਏ। ਹੋਰ ਕਰਮਾਂ ਦੇ ਕਰਨ ਦੀ ਉਸ ਨੂੰ ਲੋੜ ਨਹੀਂ ਰਹੀ। ਇਹ ਜਨੇਊ ਆਦਿਕ ਏਥੇ ਹੀ ਰਹਿ ਜਾਂਦੇ ਹਨ। ਕੇਵਲ ਨਾਮ ਨੇ ਹੀ ਐਥੇ ਓਥੇ ਲੋਕ ਪਰਲੋਕ ਵਿਖੇ ਨਾਲਿ ਨਿਭਣਾ ਹੈ। ਤਾਂਤੇ ਨਾਮ ਬਿਨਾਂ ਹੋਰ ਕਰਮਾਂ ਦੀ ਧਾਈ, ਢੂੰਡਿ-ਢੂੰਡਾਈ, ਭਾਲ-ਭਾਲਾਈ ਸਭ ਬਿਰਥੀ ਹੈ। ਆਨਮਤਿ ਕਰਮ-ਕਾਂਡੀ ਕਿਰਿਆ-ਆਚਾਰ ਕਰਨ ਨਾਲਿ ਕਰਤਾ ਪੁਰਖ ਵਸਿ ਨਹੀਂ ਆਉਂਦਾ। ਆਨਮਤ ਧਰਮ-ਪੁਸਤਕਾਂ ਵੇਦਾਂ ਸ਼ਾਸਤ੍ਰਾਂ ਆਦਿਕ ਦੇ ਭਾਵੇਂ ਕਿਤਨੇ ਹੀ ਪਾਠ ਕਰ ਲਵੋ, ਉਸ ਪਾਰਬ੍ਰਹਮ ਪਰਮੇਸ਼ਰ ਦਾ ਪਾਰਾਵਾਰ ਨਹੀਂ ਆਉਂਦਾ, ਉਸ ਦੀ ਕੀਮਤਿ ਨਹੀਂ ਪੈਂਦੀ। ਅਠਾਰਾਂ ਪੁਰਾਣਾਂ ਨੇ, ਚੌਹਾਂ ਵੇਦਾਂ ਨੇ ਉਸਦਾ ਭੇਦ ਨਹੀਂ ਪਾਇਆ। ਸਤਿਗੁਰੂ ਨਾਨਕ ਦੇ ਘਰਿ ਆ ਜਨਮਿਆਂ, ਗੁਰਮੰਤ੍ਰ ਦੀਖਿਆ ਲਇਆਂ ਅਤੇ ਗੁਰ ਸ਼ਬਦ ਦੀ ਕਮਾਈ ਕਰਨ ਦਾ ਇਹ ਫਲ ਹੋਇਆ ਕਿ ਪਾਰਬ੍ਰਹਮ ਸਤਿਗੁਰੂ ਨੇ ਵਾਹਿਗੁਰੂ ਦੇ ਸਰੂਪ ਨੂੰ ਪਰਤੱਖ ਹੀ ਲਖਾ ਦਿਤਾ, ਦਿਖਾ ਦਿਤਾ। ਐਸੀ ਹੈ ਗੁਰਮੁਖਿ ਕਰਮ ਦੀ ਪਰਬੀਨਤਾ ਅਤੇ ਪਰਧਾਨਤਾ।

ਗਿਆਨ ਧਿਆਨ ਸਗਲੇ ਸਭਿ ਜਪ ਤਪ ਜਿਸੁ ਹਰਿ ਹਿਰਦੈ ਅਲਖ ਅਭੇਵਾ॥
ਨਾਨਕ ਰਾਮਨਾਮਿ ਮਨੁ ਰਾਤਾ ਗੁਰਮਤਿ ਪਾਏ ਸਹਜ ਸੇਵਾ॥੫॥੨੨॥

(ਆਸਾ ਮ: ੧, ਪੰਨਾ ੩੫੬)

ਭਾਵ- ਆਨਮਤਾਂ ਦੇ ਜਿਤਨੇ ਭੀ ਗਿਆਨ ਧਿਆਨ ਹਨ, ਸਗਲੇ (ਸਾਰੇ ਹੀ) ਜਪ ਤਪ ਆਦਿਕ ਉਸ ਜਨ ਨੇ ਕਰ ਲਏ ਜਾਣੋ, ਜਿਸ ਦੇ ਹਿਰਦੇ ਅੰਦਰਿ ਅਲਖ ਅਭੇਵ ਵਾਹਿਗੁਰੂ ਆਇ ਵਸਿਆ ਹੈ, ਨਾਮ ਅਭਿਆਸ ਕਮਾਈਆਂ ਦੀਆਂ ਬਰਕਤਾਂ ਕਰ ਕੇ। ਜਿਸ ਜਨ ਦਾ ਵਾਹਿਗੁਰੂ ਦੇ ਨਾਮ ਨਾਲਿ ਮਨ ਰੰਗਿਆ ਗਿਆ ਹੈ ਉਸ ਨੇ ਗੁਰਮਤਿ-ਲਖਾਈ ਸਹਿਜ ਸੇਵਾ ਨੂੰ ਪਾ ਲਿਆ। ਐਸੀ ਹੈ ਪਰਧਾਨਤਾ ਗੁਰਮੁਖ ਕਰਮ ਦੀ।

ਇਹੀ ਅਚਾਰ ਇਹੀ ਬਿਉਹਾਰਾ ਅਗਿਆ ਮਾਨਿ ਭਗਤਿ ਹੋਇ ਤੁਮਾਰੀ॥
ਜੋ ਇਹੁ ਮੰਤ੍ਰ ਕਮਾਵੈ ਨਾਨਕ ਸੋ ਭਉਜਲੁ ਪਾਰਿ ਉਤਾਰੀ॥੩॥੨੮॥

(ਆਸਾ ਮ: ੫, ਪੰਨਾ ੩੭੭-੭੮)

ਭਾਵ- ਗੁਰੂ ਕਰਤਾਰ ਦੀ ਜੋ ਆਗਿਆ ਹੈ ਗੁਰਬਾਣੀ ਅੰਦਰਿ ਦਰਸਾਏ ਤੱਤ ਹੁਕਮ ਦੇ ਸਰੂਪ ਵਿਚਿ ਉਸ ਨੂੰ ਮੰਨ ਕੇ ਵਾਹਿਗੁਰੂ ਦੀ ਸੱਚੀ ਭਗਤੀ ਹੁੰਦੀ ਹੈ। ਗੁਰਮਤਿ ਮਤਿ ਦਾ ਤੱਤ ਹੁਕਮ ਹੁਕਮਾਂ ਸਿਰ ਹੁਕਮ ਹੈ ਗੁਰਮੰਤ੍ਰ ਦਾ ਜਾਪ, ਜੋ ਜਗਿਆਸੂ ਜਨ ਨੂੰ ਅੰਮ੍ਰਿਤ ਛਕਣ ਸਮੇਂ ਪੰਜਾਂ ਪਿਆਰਿਆਂ ਤੋਂ ਪ੍ਰਾਪਤਿ ਹੁੰਦਾ ਹੈ, ਜਿਸ ਦੀ ਸਾਰੀ ਗੁਰਬਾਣੀ ਅੰਦਰਿ ਕਮਾਈ ਕਰਨ ਦੀ ਤਾਕੀਦ ਫ਼ੁਰਮਾਈ ਗਈ ਹੈ। ਉਸ ਗੁਰ-ਮੰਤ੍ਰ ਨੂੰ, ਜੋ ਗੁਰ ਦੀਖਿਆ ਦੁਆਰਾ ਪ੍ਰਾਪਤਿ ਹੋਇਆ ਪੂਰਨ ਆਗਿਆ ਅਨੁਕੂਲ ਜੋ ਉਸ ਨੂੰ ਗੁਰ ਦੀਖਿਆ



www.AKJ.Org

ਸਮੇਂ ਮਿਲੀ ਹੈ, ਪੂਰਨ ਤੌਰ ਤੇ ਕਮਾਉਂਦਾ ਹੈ, ਗੁਰਬਾਣੀ ਅੰਦਰ ਦ੍ਰਿੜਾਏ ਸਾਰੇ ਹੁਕਮਾਂ ਨੂੰ ਇਕ ਇਕ ਕਰ ਕੇ ਮੰਨਦਾ ਹੈ, ਉਸ ਨੂੰ ਤੱਤ-ਭਗਤੀ ਪ੍ਰਾਪਤਿ ਹੁੰਦੀ ਹੈ। ਉਸ ਦੀ ਕੀਤੀ ਭਗਤੀ, ਨਾਮ ਅਭਿਆਸ ਕਮਾਈ ਲੇਖੇ ਪੈਂਦੀ ਹੈ। ਇਹ ਤੱਤ -ਅਚਾਰ ਇਹੀ ਤਤ-ਬਿਉਹਾਰ ਕਰਮਾਂ ਸਿਰਿ ਸੱਚਾ ਕਰਮ ਹੈ। ਬਸ, ਨਾਮ ਅਭਿਆਸ ਕਮਾਈ ਰੂਪੀ ਸੱਚੀ ਕਰਨੀ ਹੀ ਭਗਤ ਜਨਾਂ ਗੁਰਮੁਖਾਂ ਦੀ ਪਰਧਾਨ ਕਰਮ-ਕਮਾਈ ਹੈ।

ਕਹੁ ਨਾਨਕ ਕਉਨ ਉਹ ਕਰਮਾ॥ ਜਾ ਕੈ ਮਨਿ ਵਸਿਆ ਹਰਿ ਨਾਮਾ॥੪॥੨੧॥੭੨॥

(ਆਸਾ ਮ: ੫, ਪੰਨਾ ੩੮੮)

ਭਾਵ-ਉਸ ਗੁਰਮੁਖਿ ਜਨ ਦੇ ਲਈ ਹੋਰ ਕਿਹੜਾ ਕਰਮ ਕਰਨਾ ਬਾਕੀ ਰਹਿ ਗਿਆ ਹੈ ਜਿਸ ਦੇ ਹਿਰਦੇ ਅੰਦਰਿ ਗੁਰਮਤਿ ਨਾਮ ਆ ਵਸਿਆ, ਜੋ ਅਨਦਿਨ ਗੁਰਮਤਿ ਨਾਮ ਅਭਿਆਸ ਦੀ ਕਮਾਈ ਰੂਪੀ ਕਰਮ ਨੂੰ ਕਰਮਨ ਸਿਰ ਕਰਮ ਨੂੰ ਕਰਦਾ ਕਮਾਉਂਦਾ ਹੈ। ਜਿਸ ਦੇ ਕਰਨ ਮਗਰੋਂ ਹੋਰ ਕੋਈ ਭੀ ਕਰਮ ਧਰਮ ਕਰਨ ਦੀ ਲੋੜ ਨਹੀਂ ਰਹਿ ਜਾਂਦੀ।

ਕਰਮ ਧਰਮ ਅਨੇਕ ਕਿਰਿਆ ਸਭ ਊਪਰਿ ਨਾਮੁ ਅਚਾਰੁ॥੪॥੨॥੧੩੭॥

(ਆਸਾ ਮ: ੫, ਪੰਨਾ ੪੦੫)

ਨਾਮ ਦੀ ਕਮਾਈ ਰੂਪੀ ਆਚਾਰ ਕਰਮ, ਆਨਮਤ ਅਨੇਕ ਕਿਰਿਆ ਕਰਨੀ ਵਾਲੇ ਕਰਮਾਂ ਧਰਮਾਂ ਤੋਂ ਉਪਰ ਦੀ ਪਰਧਾਨ ਕਰਮੁ ਹੈ।

ਆਰਾਧਿਹੁ ਸਚਾ ਸੋਇ ਸਭੁ ਕਿਛੁ ਜਿਸੁ ਪਾਸਿ॥
ਦੁਹਾ ਸਿਰਿਆ ਖਸਮੁ ਆਪਿ ਖਿਨ ਮਹਿ ਕਰੇ ਰਾਸਿ॥
ਤਿਆਗਹੁ ਸਗਲ ਉਪਾਵ ਤਿਸ ਕੀ ਓਟ ਗਹੁ॥
ਪਉ ਸਰਣਾਈ ਭਜਿ ਸੁਖੀ ਹੂੰ ਸੁਖ ਲਹੁ॥
ਕਰਮ ਧਰਮ ਤਤੁ ਗਿਆਨੁ ਸੰਤਾ ਸੰਗੁ ਹੋਇ॥
ਜਪੀਐ ਅੰਮ੍ਰਿਤ ਨਾਮੁ ਬਿਘਨੁ ਨ ਲਗੈ ਕੋਇ॥
ਜਿਸ ਨੋ ਆਪਿ ਦਇਆਲੁ ਤਿਸੁ ਮਨਿ ਵੁਠਿਆ॥
ਪਾਈਅਨਿ ਸਭਿ ਨਿਧਾਨ ਸਾਹਿਬਿ ਤੁਠਿਆ॥੧੨॥ (ਗੂਜਰੀ ਕੀ ਵਾਰ ਮ: ੫, ਪੰਨਾ ੫੨੧)

ਵਿਆਖਿਆ - ਪਰਧਾਨ ਕ੍ਰਮ ਸੋ ਹੈ ਜਿਸ ਦੇ ਕਰਨ ਵਿਚਿ ਸਭ ਕਰਮ ਧਰਮ ਆ ਜਾਣ; ਹੋਰ ਕਰਮ ਧਰਮ ਕਰਨ ਦੀ ਲੋੜ ਨ ਰਹੇ। ਇਹ ਕੇਵਲ ਨਾਮ ਅਰਾਧਨ ਰੂਪੀ ਕਰਮ ਹੀ ਹੈ ਜਿਸ ਦੇ ਉਪਰ ਹੋਰ ਕੋਈ ਕਰਮ ਧਰਮ ਨਹੀਂ। ਤਾਂ ਤੇ ਗੁਰਵਾਕ ਦੁਆਰਾ ਭੀ ਇਹੀ ਉਪਦੇਸ਼ ਦ੍ਰਿੜ੍ਹ ਹੁੰਦਾ ਹੈ ਕਿ ਸੱਚੇ ਵਾਹਿਗੁਰੂ ਨੂੰ ਹੀ ਆਰਾਧਣਾ ਸਭ ਤੋਂ ਉਤਮ ਕਰਮੁ ਹੈ। ਵਾਹਿਗੁਰੂ ਦੇ ਹੀ ਹਥਿ ਵਸਿ ਸਭੁ ਕੁਛ ਹੈ। ਤਾਂਤੇ ਐਸੇ ਵਾਹਿਗੁਰੂ ਦਾ ਆਰਾਧਣਾ ਹੀ ਮੁਖ ਪਰਧਾਨ ਕਰਮ ਹੈ, ਜਿਸ ਦੇ ਅਰਾਧਿਆਂ ਸਭ ਕੁਛ ਪ੍ਰਾਪਤਿ ਹੋ ਜਾਂਦਾ ਹੈ। ਕਿਉਂਕਿ ਸਭੁ ਕਿਛ ਵਾਹਿਗੁਰੂ ਦੇ ਹੀ ਹਥਿ ਹੈ। ਅਰਥ ਪਰਮਾਰਥ ਲੋਕ ਪਰਲੋਕ ਦੋਹਾਂ ਸਿਰਿਆਂ ਦਾ ਖਸਮ ਆਪਿ ਵਾਹਿਗੁਰੂ ਹੀ ਹੈ। ਤਾਂਤੇ ਵਾਹਿਗੁਰੂ ਨੂੰ ਅਰਾਧਣਹਾਰੇ ਜੋ ਜੋ ਚਿਤਵਨੀ ਸੁਤੇ ਸੁਭਾਵ ਹੀ, ਸੁਤੇ ਸੰਕਲਪਤ ਹੀ ਚਿਤਵਦੇ ਹਨ, ਉਸ ਚਿਤਵਨੀ ਨੂੰ ਸੱਚਾ ਸਮਰੱਥ ਵਾਹਿਗੁਰੂ ਖਿਨ ਵਿਚਿ ਦੀ ਰਾਸ ਕਰ ਦਿੰਦਾ ਹੈ। ਚਿਤਵਨਹਾਰ ਦੀ ਸਹਿਜ ਸੁਭਵਿਕ ਚਿਤਵਨੀਆਂ ਨੂੰ ਭੀ ਪੂਰੀਆਂ ਕਰ ਦਿੰਦਾ ਹੈ। ਦੋਹਾਂ ਸਿਰਿਆਂ ਦਾ ਖਸਮ ਜੁ ਹੋਇਆ। ਐਸੇ ਸਮਰੱਥ ਵਾਹਿਗੁਰੂ ਦੇ ਅਰਾਧਣਹਾਰੇ ਭੀ ਆਰਾਧ ਆਰਾਧ ਕੇ ਵਾਹਿਗੁਰੂ ਨਾਲਿ ਹੀ ਤੱਤ ਰੂਪ ਹੋਏ ਹੁੰਦੇ ਹਨ। ਤਾਂਤੇ ਤਿਨ੍ਹਾਂ ਵਾਹਿਗੁਰੂ ਨਾਮ ਅਰਾਧਣਹਾਰਿਆਂ ਦੇ ਸਭ ਕਾਰਜ ਹੀ ਸਿੱਧ ਹੋ ਜਾਂਦੇ ਹਨ। ਓਹਨਾਂ ਨੇ ਹੋਰ ਸਗਲ ਉਪਾਵ ਤਿਆਗ ਕੇ ਇਕੋ ਵਾਹਿਗੁਰੂ ਦੀ ਹੀ ਓਟ ਲਈ ਹੋਈ ਹੁੰਦੀ ਹੈ। ਐਸੇ ਵਾਹਿਗੁਰੂ ਦੀ ਸ਼ਰਣ ਨੂੰ ਜੋ ਜਨ ਧਾਇ ਕੈ ਆਇ ਗਹਿੰਦੇ ਹਨ, ਚਾਹੇ ਉਹ ਕਿਤਨੇ ਭੀ ਦੁਖੀਏ ਹੋਣ, ਓਹ ਪਰਮ ਸੁਖੀਏ ਹੋ ਜਾਂਦੇ ਹਨ। ਓਹਨਾਂ ਨੂੰ ਸਭ ਤੋਂ ਵੱਡਾ ਸੁਖ ਸੁਤੇ ਸਿਧ ਹੀ ਮਿਲ ਜਾਂਦਾ ਹੈ। ਸਮੂਹ ਕਰਮਾਂ ਧਰਮਾਂ ਉਪਰਿ ਸੱਚੜੇ ਗੁਰਮਤਿ ਕਰਮ ਦਾ ਤੱਤ ਗਿਆਨ ਗੁਰੂ ਘਰ ਦੇ ਗੁਰਮੁਖਿ



www.AKJ.Org

ਸੰਤਾਂ ਦੀ ਸੰਗਤਿ ਤੋਂ ਹੀ ਹੋ ਸਕਦਾ ਹੈ। ਇਸ ਅਪੰਪਰ ਕਰਮ ਦੇ ਕੀਤਿਆਂ, ਆਰਾਧਣ ਰੂਪੀ ਕਰਮ ਦੇ ਕੀਤਿਆਂ, ਭਾਵ ਅੰਮ੍ਰਿਤ ਨਾਮ ਨੂੰ ਜਪਿਆਂ ਕੋਈ ਭੀ ਬਿਘਨ ਨਹੀਂ ਲਗਦਾ। ਜਿਸ ਜਨ ਉਪਰ ਨਦਰੀ ਨਦਰ ਨਿਹਾਲ ਵਾਹਿਗੁਰੂ ਦੀ ਖ਼ਾਸ ਨਦਰ ਮਿਹਰ ਦਇਆ ਮਇਆ ਹੋਵੇ ਤਿਸ ਦੇ ਮਨਿ ਅੰਦਰਿ ਉਹ ਆਪਿ ਆਇ ਵੁਠਦਾ ਹੈ। ਪਰ ਵੁਠਦਾ ਹੈ ਨਾਮ ਅਰਾਧਣ, ਜਪਣ, ਸਿਮਰਣ ਰੂਪੀ ਗੁਰਮਤਿ ਪਰਧਾਨ ਕਰਮ ਦੇ ਕੀਤਿਆਂ। ਇਸ ਪਰਧਾਨ ਕਰਮ ਦੇ ਕਾਰਨ ਕਰਕੇ ਹੀ ਉਸ ਵਾਹਿਗੁਰੂ ਦੀ ਨਦਰ ਮੇਹਰ ਹੁੰਦੀ ਹੈ। ਕਰਮਾਂ ਦਾ ਸਦਕਾ ਹੀ ਨਦਰ ਮੇਹਰ ਦਾ ਹੋਵਣਾ ਹੋਇ ਆਵੰਦਾ ਹੈ। ਸੱਚੇ ਸਾਹਿਬ ਦੇ ਇਸ ਬਿਧਿ ਤੁੱਠਣ ਕਰਕੇ, ਸੱਚੇ ਮਾਲਕ ਦੇ ਇਉਂ ਮੇਹਰਵਾਨ ਹੋਣ ਕਰਕੇ ਸਰਬ ਨਿਧਾਨ ਸੁਤੇ ਸਿੱਧ ਹੀ ਪਾਇ ਲਈਦੇ ਹਨ। ਐਸੀ ਹੈ ਬਰਕਤ ਗੁਰਮੁਖਿ ਪਰਧਾਨ ਕਰਮ ਦੇ ਕਮਾਉਣ ਦੀ। ਉਸਦੀਆਂ ਜਪ ਤਪ ਅਨੇਕ ਕਰਨੀਆਂ ਸਫਲ ਹੋ ਜਾਂਦੀਆਂ ਹਨ।

ਜਾਪ ਤਾਪ ਅਨੇਕ ਕਰਨੀ ਸਫਲ ਸਿਮਰਤ ਨਾਮ॥

ਕਰਿ ਅਨੁਗ੍ਰਹੁ ਆਪਿ ਰਾਖੇ ਭਏ ਪੂਰਨ ਕਾਮੁ॥੨॥ ੪॥੩॥੨੯ (ਗੂਜਰੀ ਮ: ੫, ਪੰਨਾ ੫੦੨)

ਭਾਵ- ਵਾਹਿਗੁਰੂ ਨਾਮ ਦਾ ਸਿਮਰਨ ਰੂਪੀ ਸਫਲ ਕਰਮ ਕੀਤਿਆਂ ਅਨੇਕਾਂ ਜਾਪ ਤਾਪ ਆਦਿਕ ਕਰਨੀਆਂ ਆ ਗਈਆਂ, ਨਹੀਂ ਤਾਂ ਆਨ ਕਰਨੀਆਂ ਕਰਿ ਕਰਿ ਮਰਿ ਰਹਿੰਦੇ। ਆਪਿ ਵਾਹਿਗੁਰੂ ਨੇ ਕਿਰਪਾ ਧਾਰ ਕੇ ਓਹਨਾਂ ਕਰਨੀਆਂ ਦੀ ਖਲਜਗਣ ਤੋਂ ਬਚਾ ਲਿਆ। ਸਾਰ ਸੁਕ੍ਰਿਤ ਕਰਨੀ ਗੁਰਮਤਿ ਨਾਮ ਰੂਪੀ ਪਰਧਾਨ ਕਰਮ ਦੀ ਕਰਨ ਕਰਕੇ ਸਾਰੇ ਕੰਮ ਪੂਰਨ ਹੋ ਗਏ।

ਉਰਧ ਮੂਲ ਜਿਸੁ ਸਾਖ ਤਲਾਹਾ ਚਾਰਿ ਬੇਦ ਜਿਤੁ ਲਾਗੇ॥

ਸਹਜ ਭਾਇ ਜਾਇ ਤੇ ਨਾਨਕ ਪਾਰਬ੍ਰਹਮ ਲਿਖਵ ਜਾਗੇ॥੨॥

(੮॥੧)ਗੂਜਰੀ ਅਸ਼ਟ: ਮ: ੧, ਪੰਨਾ ੫੦੩)

ਭਾਵ ਅਰਥ - ਚਾਰੇ ਵੇਦ ਵਾਲੇ ਆਨ ਫ਼ਲਸਫ਼ੇ ਬ੍ਰਹਮ ਨੂੰ ਮਾਇਆ ਜਾਲ ਵਾਲੇ ਤ੍ਰੈਗੁਣੀ ਬ੍ਰਹਮ ਵਖਾਣਦੇ ਹਨ। ਉਹ ਐਸਾ ਪਰਚਾਰ ਕਰਦੇ ਹਨ ਕਿ ਬ੍ਰਹਮ ਇਕ ਐਸਾ ਬ੍ਰਿਛ ਹੈ ਜਿਸ ਦੀ ਜੜ ਉਪਰ ਨੂੰ ਹੈ, ਉਤੇ ਵਲ ਨੂੰ ਹੈ ਅਤੇ ਸ਼ਾਖਾਂ ਟਾਹਣੀਆਂ ਹੇਠਾਂ ਨੂੰ ਹਨ। ਬ੍ਰਹਮ ਨੂੰ ਇਹ ਆਨਮਤ ਫ਼ਿਲਾਸਫ਼ੀਏ, ਜਿਨ੍ਹਾਂ ਦੀ ਫ਼ਿਲਾਸਫ਼ੀ ਚੌਹਾਂ ਵੇਦਾਂ ਤੋਂ ਉਤਪੰਨ ਹੋਈ ਹੈ, ਬ੍ਰਹਮ ਨੂੰ ਇਕ ਸਿਰ-ਤਲਵਾਇਆ ਬ੍ਰਿਛ ਗਰਦਾਨਦੇ ਹਨ; ਤ੍ਰੈਗੁਣੀ ਬ੍ਰਹਮ ਦਾ ਹੀ ਵਿਸਥਾਰ ਕਰਦੇ ਹਨ। ਚੌਹਾਂ ਵੇਦਾਂ ਨੂੰ, ਤ੍ਰੈ ਗੁਣਾਂ ਤੋਂ ਉਪ੍ਰੰਤ ਸੂਝ ਬੂਝ ਹੀ ਕੋਈ ਨਹੀਂ। ਤ੍ਰੈ ਗੁਣਾਂ ਵਾਲੇ ਬ੍ਰਹਮ ਨੂੰ ਬਿਸਥਾਰਨ ਪਰਚਾਰਨ ਵਿਚ ਹੀ ਚਾਰੇ ਵੇਦ-ਖੱਚਤ ਹਨ। ਪਰ ਏਹਨਾਂ ਤਿਹਾਂ ਗੁਣਾਂ ਨੂੰ ਛਡ ਕੇ, ਡਾਲੀਆਂ ਨੂੰ ਛਡ ਕੇ ਗੁਰਮੁਖਿ ਜਨ ਤੁਰੀਆ ਗੁਣ ਸਹਿਜ ਅਵਸਥਾ ਵਿਚਿ ਹੀ ਜਾ ਖੇਡਦੇ ਹਨ। ਓਹ ਸਦਾ ਪਾਰਬ੍ਰਹਮ ਪਰਮੇਸ਼ਰ ਦੀ ਜਾਗਤ ਜੋਤਿ ਲਿਖ ਵਿਚਿ ਹੀ ਜਾ ਖੇਡਦੇ ਹਨ। ਓਹ ਸਦਾ ਪਾਰਬ੍ਰਹਮ ਪਰਮੇਸ਼ਰ ਦੀ ਜਾਗਤ-ਜੋਤਿ ਲਿਵ ਵਿਚਿ ਸਮਾਧਿ ਸਿਥਿਤ ਹੋ ਕੇ ਹੀ ਸਦਾ ਜਾਗਦੇ ਰਹਿੰਦੇ ਹਨ। ਸਿਰਜਨਹਾਰ ਕਰਤਾਰ ਨਿਰਗੁਣ ਪਾਰਬ੍ਰਹਮ (ਜੋ ਸਭਨਾਂ ਦਾ ਮੂਲ ਹੈ) ਦਾ ਤੱਤ ਗਿਆਨ ਕੇਵਲ ਗੁਰਮਤਿ ਗ੍ਰਹਿਣ ਕਰਨ ਵਾਲੇ ਗੁਰਮੁਖ ਜਨਾਂ ਦੇ ਰਿਦੰਤਰਿ ਹੀ ਪਰਕਾਸ਼ਤ ਹੁੰਦਾ ਹੈ। ਓਹ ਨਿਰਗੁਣ ਨਾਮ ਨੂੰ ਜਪ ਜਪ ਕੇ, ਨਿਰਗੁਣ ਨਾਮ ਦੀਆਂ ਕਮਾਈਆਂ ਕਰਿ ਕਰਿ ਅੰਤਰ-ਆਤਮੇ ਨਿਰੰਕਾਰ ਨਿਰੰਜਨੀ ਜੋਤਿ ਨੂੰ ਜਗਾ ਲੈਂਦੇ ਹਨ। ਇਹ ਨਿਰੰਜਨੀ ਜੋਤਿ ਜਗਾਉਣ ਵਾਲਾ ਗੁਰਮਤਿ ਦ੍ਰਿੜ੍ਹਾਇਆ ਕਰਮ। ਮੁਖ ਗੁਰਮੁਖ ਕਰਮ ਹੈ, ਜੋ ਸਭਨਾ ਆਨਮਤ ਕਰਮਾਂ ਤੋਂ ਪਰਧਾਨ ਕਰਮ ਹੈ। ਪ੍ਰੰਤੂ ਕਰਮਾਂ ਸਿਰ ਸੱਚੜਾ ਕਰ ਕੇ ਹੀ ਪ੍ਰਾਪਤਿ ਹੁੰਦਾ ਹੈ। ਸਤਿਸੰਗਤ ਵਿਖੇ ਗੁਰਮੁਖਾ ਸੰਤਾਂ ਭਗਤਾਂ ਦੀ ਸੰਗਤ ਵਿਖੇ ਵਾਸਾ ਰਹਿਣ ਕਰਕੇ ਅੰਮ੍ਰਿਤ ਨਾਮ ਦਾ ਜਾਪ ਅਭਿਆਸ ਸਦਾ ਕਾਇਮ ਦਾਇਮ ਰਹਿੰਦਾ ਹੈ। ਜ਼ੋਰਾਂ ਤੇ ਚੜ੍ਹਦੀ ਕਲਾ ਤੇ ਰਹਿੰਦਾ ਹੈ। ਕਦੇ ਖੜਦੀ ਕਲਾ ਯਾ ਢਹਿੰਦੀ ਕਲਾ ਵਿਚਿ ਨਹੀਂ ਆਉਂਦਾ। ਨਾਹੀ ਕੋਈ ਉਸ ਨੂੰ ਬਿਘਨ ਲਗਦਾ ਹੈ। ਜੋ ਚੜ੍ਹਦੀਆਂ ਕਲਾਂ ਵਿਚ ਗੁਰਮੁਖ ਸੰਤ ਜਨਾ ਦੀ ਸੰਗਤਿ ਵਿਚਿ ਜੁੜ ਕੇ ਗੁਰਮਤਿ ਨਾਮ ਅਭਿਆਸ ਕਮਾਈਆਂ ਕਰਦਾ ਹੈ ਸੋਈ ਗੁਰਮੁਖ ਜਨ ਪਰਧਾਨ ਕਰਮੀਆਂ ਬਣਦਾ ਹੈ, ਜਿਸ ਦਾ ਮੁਖ ਪਰਧਾਨ ਕਰਮ ਸਤਿਸੰਗਤ ਰਸ-ਰੰਗਾਂ ਵਿਚਿ ਨਾਮ ਜਪਣਾ ਹੈ। (ਚਲਦਾ)



www.AKJ.Org

ਸੂਰਾ ਵਾਸਤੇ ਚੰਦੇ ਤੇ ਹੋਰ ਰਕਮਾਂ ਹੇਠ ਲਿਖੀਆਂ ਥਾਵਾਂ ਤੇ ਜਮ੍ਹਾਂ ਕਰਵਾ ਕੇ ਰਸੀਦ ਲਓ ਜੀ।

1. ਲੁਧਿਆਣਾ: (ੳ) ਮੁੱਖ ਦਫ਼ਤਰ ਸੂਰਾ, ਕੋਠੀ ਨੰ: 12 ਬਲਾਕ ਆਈ, ਭਾਈ ਰਣਧੀਰ ਸਿੰਘ ਨਗਰ।
(ਅ) ਸਬ-ਆਫਿਸ ਸੂਰਾ ਗੁ: ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ। ਫੋਨ 428194
(ੲ) ਭਾਈ ਭੁਪਿੰਦਰ ਪਾਲ ਸਿੰਘ ਜੀ, ਪ੍ਰੀਤ ਸਿਲੈਕਸ਼ਨ, ਸ਼ਾਹਪੁਰ ਰੋਡ, ਨੇੜੇ ਸੁਭਾਨੀ ਬਿਲਡਿੰਗ, ਲੁਧਿਆਣਾ, ਫੋਨ 730604
(ਸ) ਸ: ਇਕਬਾਲ ਸਿੰਘ ਜੀ ਖਾਲਸਾ ਸ਼ਾਲਜ਼ ਮੋਚਪੁਰਾ ਬਜ਼ਾਰ, ਲੁਧਿਆਣਾ।
(ਹ) ਸ: ਅਜੀਤ ਸਿੰਘ 17/5 ਪਾਵਰ ਕਲੋਨੀ ਸਰਾਭਾ ਨਗਰ ਟੈਲੀਫੋਨ 458644, 459701

2. ਫਗਵਾੜਾ: ਮਾਸਟਰ ਗੁਰਦਿਆਲ ਸਿੰਘ ਜੀ, ਵਿਸ਼ਵਕਰਮਾ ਕਲੋਨੀ, ਨੇੜੇ ਵਿਸ਼ਵਕਰਮਾ ਮੰਦਰ, ਬੰਗਾ ਰੋਡ, ਫਗਵਾੜਾ। ਟੈਲੀਫੋਨ 68307

3. ਚੰਡੀਗੜ੍ਹ, ਮੋਹਾਲੀ: ਭਾਈ ਫੌਜਿੰਦਰ ਸਿੰਘ ਜੀ 532/3-ਏ, ਮੋਹਾਲੀ। ਟੈਲੀਫੋਨ : 260569

4. ਕਪੂਰਥਲਾ: ਭਾਈ ਚਰਨਪਾਲ ਸਿੰਘ, ਸਿੰਘ ਆਰਟਸ, ਨੇੜੇ ਸਟੇਟ ਗੁਰਦੁਆਰਾ ਸਾਹਿਬ।

5. ਖਰੜ, ਮੋਰਿੰਡਾ: ਭਾਈ ਅਜੀਤ ਸਿੰਘ ਜੀ, ਮਕਾਨ ਨੰ: 214, ਵਾਰਡ ਨੰ: 4, ਚੰਡੀਗੜ੍ਹ ਰੋਡ, ਮੁੰਡੀ ਖਰੜ। ਟੈਲੀ: 01888-46036

6. ਪਟਿਆਲਾ: 1. ਸੰਦੀਪ ਪਾਲ ਸਿੰਘ S/o ਸ੍ਰ: ਰਵੇਲ ਸਿੰਘ 654/3 ਖਾਲਸਾ ਮੁਹੱਲਾ ਧਰਮਪੁਰਾ ਬਜ਼ਾਰ ਪਟਿਆਲਾ ਟੈਲੀ. 228703
2. ਸੁਲੱਖਣ ਸਿੰਘ ਖਾਲਸਾ ਨਿਸ਼ਾਨ ਸਟੋਰ ਦੁਕਾਨ ਨੰ 14/15 ਗੁ: ਦੂਖ ਨਿਵਾਰਨ ਬਜ਼ਾਰ ਪਟਿਆਲਾ ਟੈਲੀ. 361415

7. ਅੰਮ੍ਰਿਤਸਰ: 1. ਭਾਈ ਸਤਨਾਮ ਸਿੰਘ ਜੀ, ਪਿੰਡ ਚਾਚੋਵਾਲੀ, ਡਾਕਖਾਨਾ ਜੈਂਤੀਪੁਰਾ।
2. ਭਾਈ ਭੁਪਿੰਦਰ ਸਿੰਘ ਜੀ ਖਾਲਸਾ, 4969 ਅਜ਼ਾਦ ਨਗਰ, ਨੇੜੇ ਟਿਊਬਵੈਲ, ਤਾਰਾ ਸਿੰਘ ਕੋਟ ਖਾਲਸਾ, ਅੰਮ੍ਰਿਤਸਰ।

8. ਜਲੰਧਰ: ਸ੍ਰ: ਹਰਜੀਤ ਸਿੰਘ ਬੈਂਕ ਆਫ਼ ਇੰਡੀਆ ਸਤਲੁਜ ਮਾਰਕੀਟ ਨੇੜੇ ਬਸ ਸਟੈਂਡ ਜਲੰਧਰ ਸ਼ਹਿਰ ਫੋਨ :462065

9. ਯਮੁਨਾਨਗਰ: ਭਾਈ ਇਕਬਾਲ ਸਿੰਘ ਜੀ, 536-ਲੋਹਾਰਾ ਗਲੀ, ਜਗਾਧਰੀ। ਫੋਨ 47341

10. ਫਿਰੋਜ਼ਪੁਰ: ਭਾਈ ਬਲਵਿੰਦਰ ਸਿੰਘ, ਹਾਤਾ ਨੰ: 48, ਬਜ਼ਾਰ ਨੰ: 1, ਫਿਰੋਜ਼ਪੁਰ ਛਾਉਣੀ।

11. ਪਠਾਨਕੋਟ: ਸ: ਹਰਭਜਨ ਸਿੰਘ M.E.S. ਪਠਾਨਕੋਟ।

12. ਅੰਬਾਲਾ: 1. ਭਾਈ ਮਨੋਹਰ ਸਿੰਘ ਜੀ ਪਿੰਡ ਤੇ ਡਾਕਖਾਨਾ ਨਸਰਾਲੀ ਵਾਇਆ ਜਤਵਾੜ ਅੰਬਾਲਾ ਸ਼ਹਿਰ।
2. ਭਾਈ ਭਗਵਾਨ ਸਿੰਘ ਵੈਦ 10 ਵੀਟਾ ਐਨਕਲੇਵ ਨੇੜੇ ਮਿਲਕ ਪਲਾਂਟ ਬਲਦੇਵ ਨਗਰ ਅੰਬਾਲਾ ਸ਼ਹਿਰ

13. ਬਠਿੰਡਾ: ਭਾਈ ਬਘੇਲ ਸਿੰਘ (ਗੋਬਿੰਦ ਸਿੰਘ) ਜੀ 7819, ਨੇੜੇ ਡੰਗਰਾਂ ਦਾ ਹਸਪਤਾਲ । ਫੋਨ : 217743

14. ਧੂਰੀ: ਮਾਸਟਰ ਹਰਭਜਨ ਸਿੰਘ ਜੀ, ਜਨਤਾ ਨਗਰ, ਨੇੜੇ ਵੀਨਸ ਗੈਸ ਏਜੰਸੀ, ਧੂਰੀ। ਫੋਨ: 21253

15. ਸਰਹੰਦ: ਸ: ਰੁਪਿੰਦਰ ਸਿੰਘ ਜੀ, ਨੇੜੇ ਭਾਰਤ ਪੈਟਰੋਲੀਅਮ ਗੈਸ ਗੋਦਾਮ, ਸਿਨੇਮਾ ਰੋਡ, ਸਰਹੰਦ, ਜ਼ਿਲਾ ਫਤਹਿਗੜ੍ਹ ਸਾਹਿਬ, ਟੈਲੀਫੋਨ 01763-20760

16. ਪਾਉਂਟਾ ਸਾਹਿਬ: ਭਾਈ ਪਰਮਜੀਤ ਸਿੰਘ ਜੀ, ਗੁਰੂ ਰਾਖਾ ਇੰਟਰਪ੍ਰਾਈਜ਼ਿਜ਼, ਪਾਉਂਟਾ ਸਾਹਿਬ ਹਿਮਾਚਲ ਪ੍ਰਦੇਸ਼ Tel. Shop 01704-22367, Resi.24067

17. ਬਟਾਲਾ 1. ਭਾਈ ਸੁਖਰਾਜ ਸਿੰਘ ਜੀ ਸਾਹਮਣੇ ਗੁਰੂ ਨਾਨਕ ਦੇਵ ਅਕੈਡਮੀ ਜਲੰਧਰ ਰੋਡਟੈਲੀ :46566
2. ਸ੍ਰ: ਹਰਭਜਨ ਸਿੰਘ, ਖਾਲਸਾ ਲਾਇਬਰੇਰੀ ਬਟਾਲਾ।

18. ਦਿੱਲੀ 1. ਗੁਰਪ੍ਰੀਤ ਸਿੰਘ 670 ਡਾਕਟਰ ਮੁਖਰਜੀ ਨਗਰ ਦਿੱਲੀ ਟੈਲੀ: 7654833
2. ਸ੍ਰ: ਨਰਿੰਦਰ ਜੀ ਸਿੰਘ (ਗਾਮਾ) H. No.58-C IInd floor St. No. 11 New Mahavir Nagar P.O. Tilak Nagar-New Delhi 110018 PH. Resi - 5155191 Office- 590097-5449276

19. ਇੰਗਲੈਂਡ: ਭਾਈ ਹਰਦੀਪ ਸਿੰਘ ਜੀ, 218, Wexhan Road, Slough Berks SL2 5JP.Tel: 01753-530624

20. ਅਮਰੀਕਾ: ਭਾਈ ਜੀਵਨ ਸਿੰਘ ਜੀ, ਗੁਰਦੀਪ ਸਿੰਘ ਜੀ ਫੋਨ : 18007226212

21. ਕੈਨੇਡਾ: ਭਾਈ ਰਿਪੁਦਮਨ ਸਿੰਘ ਮਲਿਕ, ਫੋਨ : 18006630224

22. ਆਸਟ੍ਰੇਲੀਆ: ਭਾਈ ਪਰਸ਼ੋਤਮ ਸਿੰਘ ਜੀ, ਫੋਨ : 0061-69634841

23. ਨਿਊਜ਼ੀਲੈਂਡ: ਭਾਈ ਮਹਿੰਦਰ ਸਿੰਘ ਜੀ, ਫੋਨ : 092702755



www.AKJ.Org

ਮਾਸਿਕ ਰੈਣਿ ਸਬਾਈ ਗੁ: ਖੁਹੀਸਰ, ਰਣਜੀਤ ਨਗਰ (ਬੈਕਸਾਈਡ A.T.I.) ਲੁਧਿਆਣਾ ਵਿਖੇ 10 ਜੂਨ ਰਾਤ ਨੂੰ
ਗੁਰਪੁਰਵਾਸੀ ਡਾ: ਪ੍ਰੀਤਮ ਸਿੰਘ ਜੀ ਦੀ ਸਾਲਾਨਾ ਯਾਦ ਵਿਚ ਜਲੰਧਰ ਵਿਖੇ ਅਖੰਡ ਕੀਰਤਨ ਸਮਾਗਮ
ਸ੍ਰੀ ਅਖੰਡ ਪਾਠ ਸਾਹਿਬ :- 10 ਜੂਨ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਡਾ: ਸਾਹਿਬ ਦੇ ਗ੍ਰਹਿ EE28 ਬਾਗ ਕਰਮ ਬਖਸ਼ ਨੇੜੇ ਭਗਤ ਸਿੰਘ ਚੌਂਕ ਜਲੰਧਰ ਵਿਖੇ।

ਅਖੰਡ ਕੀਰਤਨ :- 11 ਜੂਨ ਐਤਵਾਰ ਸਵੇਰੇ 6 ਵਜੇ ਤੋਂ 12 ਵਜੇ ਤੱਕ ਗੁ: ਦੀਵਾਨ ਅਸਥਾਨ ਸੈਂਟਰਲ ਟਾਊਨ ਜਲੰਧਰ ਵਿਖੇ।

## ਮੇਰਠ ਵਿਖੇ ਸਾਲਾਨਾ ਰੈਣਿ ਸਬਾਈ ਕੀਰਤਨ

ਬੇਬੇ ਨਾਨਕੀ ਹਾਲ ਕੰਕਰ ਖੇੜਾ ਮੇਰਠ ਵਿਖੇ 10 ਜੂਨ ਰਾਤ ਨੂੰ ਕੀਰਤਨ ਅਖਾੜੇ ਸਜਣਗੇ। ਆਇ ਦੀਦਾਰ ਬਖਸ਼ੋ ਜੀ। ਪੁੱਛਗਿੱਛ ਭਾਈ ਸਵਿੰਦਰ ਸਿੰਘ 555554

## ਗਰਮੀਆਂ ਦੀਆਂ ਛੁੱਟੀਆਂ ਦਾ ਕੇਂਦਰੀ ਸਮਾਗਮ ਸ੍ਰੀ ਪਾਉਂਟਾ ਸਾਹਿਬ ਵਿਖੇ।

ਸਮੂਹ ਅਖੰਡ ਕੀਰਤਨੀ ਜੱਥਿਆਂ ਵੱਲੋਂ ਸ੍ਰੀ ਦਰਬਾਰ ਸਾਹਿਬ ਪਾਉਂਟਾ ਸਾਹਿਬ ਅਤੇ ਸ੍ਰੀ ਭੰਗਾਣੀ ਸਾਹਿਬ ਵਿਖੇ ਹੇਠ ਲਿਖੇ ਅਨੁਸਾਰ ਸਮਾਗਮ ਰਚਾਏ ਜਾ ਰਹੇ ਹਨ। ਸਮੇਂ ਸਿਰ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰੋ ਜੀ।

16 ਜੂਨ 2000 ਸ਼ਾਮ 6 ਤੋਂ 8.15 ਸੋਦਰ ਚੌਂਕੀ ਅਤੇ ਕੀਰਤਨ ਸ੍ਰੀ ਦਰਬਾਰ ਸਾਹਿਬ ਪਾਉਂਟਾ ਸਾਹਿਬ ਵਿਖੇ।

17 ਜੂਨ 2000 ਸਵੇਰੇ 5 ਤੋਂ 7.15 ਹਜ਼ੂਰੀ ਕੀਰਤਨ ਸ੍ਰੀ ਆਸਾ ਦੀ ਵਾਰ ਸ੍ਰੀ ਦਰਬਾਰ ਸਾਹਿਬ ਪਾਉਂਟਾ ਸਾਹਿਬ ਵਿਖੇ। ਉਪਰੰਤ 8 ਵਜੇ ਤੋਂ 12 ਵਜੇ ਤੱਕ ਕੀਰਤਨ ਸ੍ਰੀ ਭੰਗਾਣੀ ਸਾਹਿਬ ਵਿਖੇ।

ਸ਼ਾਮ 6 ਵਜੇ ਆਰੰਭ ਸੋਦਰ ਚੌਂਕੀ ਉਪਰੰਤ ਰੈਣਿ ਸਬਾਈ ਕੀਰਤਨ ਸ੍ਰੀ ਦਰਬਾਰ ਸਾਹਿਬ ਪਾਉਂਟਾ ਸਾਹਿਬ ਵਿਖੇ।

18 ਜੂਨ ਅੰਮ੍ਰਿਤ ਵੇਲੇ 2 ਵਜੇ ਭੋਗ ਰੈਣਿ ਸਬਾਈ ਕੀਰਤਨ ਉਪ੍ਰੰਤ ਪਾਠ ਸ੍ਰੀ ਸੁਖਮਨੀ ਸਾਹਿਬ ਅਤੇ ਪੰਜ ਬਾਣੀਆਂ ਦਾ ਨਿਤਨੇਮ ਹਜ਼ੂਰੀ ਮਰਿਆਦਾ ਅਨੁਸਾਰ। ਸਵੇਰੇ 5 ਤੋਂ 7.15 ਕੀਰਤਨ ਸ੍ਰੀ ਆਸਾ ਦੀ ਵਾਰ ਸ੍ਰੀ ਦਰਬਾਰ ਸਾਹਿਬ ਪਾਉਂਟਾ ਸਾਹਿਬ ਵਿਖੇ।

ਜ਼ਰੂਰੀ ਸੂਚਨਾ :- 1. ਪਾਉਂਟਾ ਸਾਹਿਬ ਹਿਮਾਚਲ ਪ੍ਰਦੇਸ਼ ਦੇ ਜ਼ਿਲਾ ਸਿਰਮੌਰ ਵਿਖੇ ਸਥਿਤ ਹੈ ਤੇ ਜਗਾਧਰੀ ਤੋਂ ਬੱਸ ਰਾਹੀਂ ਲਗਭਗ ਡੇਢ ਘੰਟੇ ਦਾ ਰਸਤਾ ਹੈ ਜੀ। 2.ਲੋੜ ਅਨੁਸਾਰ ਬਿਸਤਰੇ ਨਾਲ ਲਿਆਓ ਜੀ।
ਪੁੱਛਗਿੱਛ: ਭਾਈ ਪਰਮਜੀਤ ਸਿੰਘ ਜੀ ਪਾਉਂਟਾ ਸਾਹਿਬ ਫੋਨ 01704-22367 (ਦੁਕਾਨ) 24067 (ਘਰ) 2.ਭਾਈ ਹਰਬੰਸ ਸਿੰਘ ਲੁਧਿਆਣਾ ਫੋਨ: 0161-430865 3. ਦਫ਼ਤਰ ਸੂਰਾ ਮਾਸਿਕ ਪੱਤਰ ਫੋਨ: 0161-428194

ਦਾਸਰੇ : ਸਮੂਹ ਅਖੰਡ ਕੀਰਤਨੀ ਜੱਥੇ ਸਰਬ ਹਿੰਦ ਅਤੇ ਪ੍ਰਬੰਧਕ ਕਮੇਟੀ ਸ੍ਰੀ ਪਾਉਂਟਾ ਸਾਹਿਬ

## ਪਿੰਡ ਕੋਟਲੀ ਬਾਵਾਦਾਸ ਜ਼ਿਲਾ ਹੁਸ਼ਿਆਰਪੁਰ ਵਿਖੇ ਰੈਣਿ ਸਬਾਈ ਕੀਰਤਨ

ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ, ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿਚ ਗੁ: ਸ੍ਰੀ ਗੁਰੂ ਸਿੰਘ ਸਭਾ ਕੋਟਲੀ ਬਾਵਾਦਾਸ (ਨੇੜੇ ਬੁਲੋਵਾਲ) ਹੁਸ਼ਿਆਰਪੁਰ ਵਿਖੇ। 17 ਜੂਨ ਸ਼ਨੀਵਾਰ ਰਾਤ ਨੂੰ ਰੈਣਿ ਸਬਾਈ ਕੀਰਤਨ ਅਖਾੜੇ ਸਜਣਗੇ। ਪੁੱਛਗਿੱਛ ਟੈਲੀਫੋਨ : 01886-65791 ਅਤੇ 66429

## ਗੁ: ਬਿਬੇਕਸਰ ਸਾਹਿਬ ਅੰਮ੍ਰਿਤਸਰ ਵਿਖੇ ਮਾਸਿਕ ਰੈਣਿ ਸਬਾਈ ਕੀਰਤਨ 24 ਜੂਨ ਰਾਤ ਨੂੰ

## ਕੁਮਾਰਹੱਟੀ ਜ਼ਿਲਾ ਸੋਲਨ ਹਿਮਾਚਲ ਪ੍ਰਦੇਸ਼ ਵਿਖੇ ਅਖੰਡ ਕੀਰਤਨ ਸਮਾਗਮ

ਭਾ: ਸਾਹਿਬ ਭਾ: ਰਣਧੀਰ ਸਿੰਘ ਜੀ ਦੀ ਸਾਲਾਨਾ ਯਾਦ ਵਿਚ ਗੁ: ਤਪੋ ਅਸਥਾਨ ਕੁਮਾਰਹੱਟੀ ਵਿਖੇ 24 ਜੂਨ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪ੍ਰੰਤ ਦੁਪਹਿਰ ਤੱਕ ਕੀਰਤਨ ਅਤੇ ਰਾਤ ਨੂੰ ਰੈਣਿ ਸਬਾਈ ਕੀਰਤਨ ਅਖਾੜੇ ਸਜਣਗੇ।

## ਡਾ: ਪ੍ਰੀਤਮ ਸਿੰਘ ਜੀ ਦੀ ਯਾਦ ਵਿਚ ਜਲੰਧਰ ਵਿਖੇ ਰੈਣਿ ਸਬਾਈ ਕੀਰਤਨ

ਭਾਈ ਮਨਮੋਹਨ ਸਿੰਘ ਜੀ ਦੇ ਗ੍ਰਹਿ 830 Phase II ਅਰਬਨ ਅਸਟੇਟ ਨੇੜੇ ਦੁਲਹਨ ਪੈਲੇਸ ਜਲੰਧਰ ਟੈਲੀਫੋਨ 461468 ਵਿਖੇ 24 ਜੂਨ ਰਾਤ ਨੂੰ ਕੀਰਤਨ ਅਖਾੜੇ ਸਜਣਗੇ, ਆਇ ਦੀਦਾਰ ਬਖਸ਼ੋ ਜੀ।



www.AKJ.Org

## ਪਿੰਡ ਧਾਲੀਵਾਲ ਬੇਟ (ਨੇੜੇ ਬਿਆਸ) ਵਿਖੇ ਸਾਲਾਨਾ ਅਖੰਡ ਕੀਰਤਨ, ਅਤੇ ਗੁਰਬਾਣੀ ਸਮਾਗਮ।

ਗੁਰਦੁਆਰਾ ਸਾਹਿਬ ਪਿੰਡ ਧਾਲੀਵਾਲ ਬੇਟ ਵਿਖੇ ਹੇਠਾਂ ਦਿਤੇ ਪ੍ਰੋਗਰਾਮ ਅਨੁਸਾਰ ਅਖੰਡ ਕੀਰਤਨ ਸਮਾਗਮ, ਅੰਮ੍ਰਿਤ ਸੰਚਾਰ ਅਤੇ ਗੁਰਬਾਣੀ ਕੰਠ ਅਤੇ ਕੀਰਤਨ ਮੁਕਾਬਲੇ ਹੋਣਗੇ। ਪਹੁੰਚ ਕੇ ਲਾਹੇ ਪ੍ਰਾਪਤ ਕਰੋ ਜੀ। ੨੭-6-੨000 ਵੀਰਵਾਰ ਸਵੇਰੇ 5 ਤੋਂ 7 ਵਜੇ ਤੱਕ ਕੀਰਤਨ ਸ੍ਰੀ ਆਸਾ ਦੀ ਵਾਰ ਉਪਰੰਤ ਆਰੰ. ਸ੍ਰੀ ਅਖੰਡ ਪਾਠ ਸਾਹਿਬ ਜੀ। ਗੁਰਦੁਆਰਾ ਧਾਲੀਵਾਲ ਬੇਟ।

30-6-੨000 ਸਵੇਰੇ 10 ਵਜੇ ਅਰੰਭ ਗੁਰਬਾਣੀ ਕੰਠ, ਗੁਰਬਾਣੀ ਕੀਰਤਨ ਅਤੇ ਸੋਹਣੀ ਦਸਤਾਰ ਸਜਾਉਣ ਦੇ ਮੁਕਾਬਲੇ 1-7-੨00 ਸ਼ਨੀਵਾਰ ਭੋਗ ਸ੍ਰੀ ਅਖੰਡ ਪਾਠ ਸਾਹਿਬ ਸਵੇਰੇ 6 ਵਜੇ ਉਪਰੰਤ ਦੁਪਹਿਰ ਤੱਕ ਅਖੰਡ ਕੀਰਤਨ ਸਮਾਗਮ ਉਪਰੰਤ ਗੁਰਬਾਣੀ ਕੀਰਤਨ ਅਤੇ ਦਸਤਾਰ ਸਜਾਉਣ ਮੁਕਾਬਲੇ ਵਿਚ ਭਾਗ ਲੈਣ ਵਾਲ ਬੱਚਿਆਂ ਨੂੰ ਇਨਾਮ। ਸ਼ਾਮ ਸੋਦਰ ਉਪ੍ਰੰਤ ਅਰੰਭ ਰੈਣਿ ਸਬਾਈ ਕੀਰਤਨ ਅਤੇ ਅੰਮ੍ਰਿਤ ਸੰਚਾਰ

ਨੋਟ : 1. ਲੰਗਰ ਅਤੇ ਰਿਹਾਇਸ਼ ਦਾ ਪ੍ਰਬੰਧ ਗੁ: ਧਾਲੀਵਾਲ ਵਿਖੇ ਹੋਣਗੇ।

੨. ਗੁਰਬਾਣੀ ਕੰਠ, ਕੀਰਤਨ ਅਤੇ ਦਸਤਾਰ ਮੁਕਾਬਲੇ ਵਿਚ ਹਿੱਸਾ ਲੈਣ ਵਾਲੇ ਬੱਚੇ ਆਪਣੇ ਨਾਮ 15-6-੨000 ਤੱਕ ਬੀਬੀ ਜਸਵਿੰਦਰ ਕੌਰ ਜੀ ਪਿੰਡ ਧਾਲੀਵਾਲ ਬੇਟ (ਢਿਲਵਾਂ) ਜ਼ਿਲਾ ਕਪੂਰਥਲਾ (ਫੋਨ ਨੰ: 018੨੨-4340੨) ਨੂੰ ਨੋਟ ਕਰਾ ਦੇਣ। 3. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜੀਵਾਰ ਸਰੂਪ ਤੋਂ ਸ਼ੁੱਧ ਪਾਠ ਸਾਹਿਬ ਸੁਣਾਉਣ ਵਾਲੇ ਬੱਚਿਆਂ ਨੂੰ ਵਿਸ਼ੇਸ਼ ਇਨਾਮ ਦਿਤੇ ਜਾਣਗੇ।

4. ਮੁਕਾਬਲਿਆਂ ਵਿਚ ਹਿਸਾ ਲੈਣ ਵਾਲੇ ਬੱਚਿਆਂ ਲਈ ਉਮਰ ਅਨੁਸਾਰ ਸਿਲੇਬਸ ਹੇਠ ਲਿਖੇ ਅਨੁਸਾਰ ਹੈ:

(ੳ) 5 ਤੋਂ 8 ਸਾਲ :- ਜਪੁ ਜੀ ਸਾਹਿਬ ਚੌਪਈ ਸਾਹਿਬ।

(ਅ) 9 ਤੋਂ 11 ਸਾਲ :- ਜਪੁ ਜੀ ਸਾਹਿਬ, ਬਸੰਤ ਕੀ ਵਾਰ, ਰਹਿਰਾਸ, ਅਰਦਾਸ ਅਤੇ ਬਾਰਹਮਾਂਹ,

(ੲ) 1੨ ਤੋਂ 15 ਸਾਲ :- ਜਪੁ ਜੀ ਸਾਹਿਬ, ਸਵੈਯੇ, ਚੌਪਈ ਸਾਹਿਬ ਪੂਰਾ ਅਨੰਦ ਸਾਹਿਬ, ਅਰਦਾਸ, ਸੋਹਿਲਾ ਤੇ ਸਿਖ ਇਤਿਹਾਸ ਵਿਚੋਂ ਸੁਆਲ

(ਸ) 16 ਸਾਲ ਤੋਂ ਉਪਰ ਵਾਲੇ ਬੱਚੇ ਤੀਜੇ ਗਰੁਪ ਵਾਲੀਆਂ ਬਾਣੀਆਂ ਤੋਂ ਇਲਾਵਾ ਸ਼ਬਦ ਹਜ਼ਾਰੇ ਜਾਪੁ ਸਾਹਿਬ ਸੁਖਮਨੀ ਸਾਹਿਬ ਤੇ ਹੋਰ ਵੱਧ ਤੋਂ ਵੱਧ ਬਾਣੀਆਂ।

ਦਾਸਰੇ ਸਮੂਹ ਸੰਗਤ ਅਤੇ ਅਖੰਡ ਕੀਰਤਨੀ ਜੱਥਾ ਧਾਲੀਵਾਲ ਬੇਟ (ਢਿਲਵਾਂ) ਜ਼ਿਲਾ ਕਪੂਰਥਲਾ

## ਅਖੰਡ ਕੀਰਤਨੀ ਜੱਥਾ ਯੂ. ਕੇ. ਵੱਲੋਂ ਅਗਲੇ ਪ੍ਰੋਗਰਾਮ

1 10 ਜੂਨ, ਕੀਰਤਨ ਦਰਾਬਰ 7 ਤੋਂ 1੨ ਵਜੇ ਸ਼ਾਮ ਨੂੰ ਗੁਰੂ ਨਾਨਕ ਦਰਬਾਰ ਗੁਰਦੁਆਰਾ, ਕਲਾਰਿਨਸ ਪਲੇਸ ਗਰੇਵਸੈਂਡ ਵਿਖੇ।

੨. 17 ਜੂਨ ਰੈਣਿ ਸਬਾਈ 7 ਤੋਂ 5 ਸਵੇਰੇ ਸ਼ਹੀਦੀ ਦਿਵਸ ਪਾਤਸ਼ਾਹੀ ਪੰਜਵੀ ਗੁਰੂ ਨਾਨਕ ਗੁਰਦੁਆਰਾ, ਹਾਈ ਸਟਰੀਟ ਸਮੈਥਿਕ, ਬਰਮਿੰਘਮ ਵਿਖੇ।

3. 15 ਜੁਲਾਈ, ਅਨੰਦ ਕਾਰਜ, ਗੁਰੂ ਅਰਜਨ ਦੇਵ ਗੁਰਦੁਆਰਾ, ਸਟਾਨਹੋਪ ਸਟਰੀਟ, ਡਰਬੀ, ਭਾਈ ਜੁਗਿੰਦਰ ਸਿੰਘ ਦਾ ਲੜਕਾ ਹਰਜਿੰਦਰ ਸਿੰਘ, ਭਾਈ ਅਮਰਜੀਤ ਸਿੰਘ ਦੀ ਲੜਕੀ ਤੀਰਥ ਕੌਰ ਦੇ ਨਾਲ।

4. ੨੨ ਜੁਲਾਈ, ਰੈਣਿ ਸਬਾਈ, ਸ੍ਰੀ ਗੁਰੂ ਸਿੰਘ ਸਭਾ, ਹਾਈਬਰਨੀਆ ਰੋਡ, ਹੰਸਲੋ ਵਿਖੇ।

5. ਅਖੰਡ ਕੀਰਤਨੀ ਜੱਥਾ ਯੂ. ਕੇ. ਵੱਲੋਂ ਇਟਲੀ ਵਿਖੇ ਕੀਰਤਨ ਸਮਾਗਮ ਸਵੇਰੇ ੨4 ਅਗਸਤ ਨੂੰ ਚਲ ਕੇ, ਵਾਪਸੀ ੨8 ਅਗਸਤ ਤੱਕ।• ਪੂਰਾ ਪ੍ਰੋਗਰਾਮ ਅਗਲੇ ਮਹੀਨੇ ਵਿਚ ਛਾਪਿਆ ਜਾਵੇਗਾ। ਹੋਰ ਜਾਣਕਾਰੀ ਲਈ : ਭਾ: ਉਂਕਾਰ ਸਿੰਘ, ਫੋਨ 01753 57੨737।

---

### ਸੂਰਾ ਸਹਾਇਤਾ

| | |
|---|---|
| ਗੁਪਤ- | 100/- |
| ਭਾਈ ਸੁਰਜੀਤ ਸਿੰਘ ਜੀ ਦੀ ਯਾਦ ਵਿਚ- | 500/- |
| ਗੁਪਤ- | 50/- |

### ਫ੍ਰੀ ਲਿਟ੍ਰੇਚਰ ਫੰਡ

| | |
|---|---|
| ਸ: ਜਗਦੀਪ ਸਿੰਘ- | 5100/- |
| ਸ: ਸੁਰਜੀਤ ਸਿੰਘ- | 50/- |
| ਸ੍ਰ. ਸਤਨਾਮ ਸਿੰਘ ਯੂ ਕੇ.- | 50/ |



www.AKJ.Org

# ਯੂ.ਕੇ. ਵਿਖੇ ਵਿਸਾਖੀ ਦੇ ਕੀਰਤਨ ਸਮਾਗਮਾਂ ਦੀਆਂ ਝਲਕੀਆਂ

















www.AKJ.Org

R.N.I. No. 12245/66 SURA JUNE 2000 P.O. Regd. No. PB/ 0195/2000

# ਐਸਾ ਕੀਰਤਨੁ ਕਰਿ ਮਨ ਮੇਰੇ, ਈਹਾ ਊਹਾ ਜੋ ਕਾਮਿ ਤੇਰੈ ।।




ਗੁਰਪੁਰਵਾਸੀ ਹੰਸਲੇ ਵੀਰ ਡਾ: ਪ੍ਰੀਤਮ ਸਿੰਘ ਜੀ ਇਕ ਸਮਾਗਮ ਦੌਰਾਨ ਰੰਗਾਂ ਵਿੱਚ ਕੀਰਤਨ ਕਰਦੇ ਹੋਏ। ਆਪ ਜੀ ਦੀ ਦੂਸਰੀ ਬਰਸੀ ਤੇ ਜਲੰਧਰ ਵਿਖੇ 8 ਤੋਂ 11 ਜੂਨ ਅਤੇ 24-25 ਜੂਨ ਨੂੰ ਕੀਰਤਨ ਸਮਾਗਮ ਹੋ ਰਹੇ ਹਨ। ਵੇਰਵਾ ਅੰਦਰ ਦੇਖੋ ਜੀ।

SURA (Monthly) Kothi No. 12, Block-1. BHAI RANDHIR SINGH NAGAR, LUDHIANA-141 004

www.AKJ.Org